People's Herald



Rs- 100/ month

# “ਇਕੁਐਲਿਟੀ ਐਂਡ ਜਸਟਿਸ”

https://www.facebook.com/profile.php?id=161037521061610

People's Herald



“Equality and Justice”

स्वतंत्रता, समानता, भाईचारा

PATIALA | On line paper | 01 ਅਪਰੈਲ 2025 ਮੰਗਲਵਾਰ “ਰੋਜ਼ਾਨਾ” ਸਾਲ ਚੌਥਾ | w.e.f. 15 August 2022 | ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**“ਇਕੁਐਲਿਟੀ ਐਂਡ ਜਸਟਿਸ” ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ ‘ਪੰਚਸ਼ੀਲ’ ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ ‘ਮਨ ਦੀ ਸਮਾਧੀ’ ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



## ਫਿਲੌਰ ‘ਚ ਅੰਬੇਡਕਰ ਦੇ ਬੁੱਤ ਦਾ ਹੋਇਆ ਅਪਮਾਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com

ਸੋਮਵਾਰ ਨੂੰ ਜਲੰਧਰ ਜ਼ਿਲ੍ਹੇ ਦੇ ਫਿਲੌਰ ਸਬ ਡਿਵੀਜ਼ਨ ਵਿੱਚ ਪੈਂਦੇ ਨੰਗਲ ਪਿੰਡ ਵਿੱਚ ਸਾਰਾ ਦਿਨ ਤਣਾਅ ਵਾਲਾ ਮਾਹੌਲ ਰਿਹਾ।

ਦਰਅਸਲ ਕੁੱਝ ਸ਼ਰਾਰਤੀ ਅਨਸਰਾਂ ਵੱਲੋਂ ਡਾਕਟਰ ਭੀਮ ਰਾਓ ਅੰਬੇਡਕਰ ਦੇ ਬੁੱਤ ਨਾਲ ਕਥਿਤ ਛੇੜਛਾੜ ਕੀਤੀ ਗਈ।

ਅੰਬੇਡਕਰ ਦੇ ਬੁੱਤ ਦੇ ਬਾਹਰ ਲੱਗੇ ਸ਼ੀਸ਼ੇ ਦੇ ਫਰੇਮ ਉੱਤੇ ਵਿਵਾਦਿਤ ਨਾਅਰੇ ਲਿਖੇ ਗਏ ਅਤੇ ਰੈਫਰੈਂਡਮ ਪੱਖੀ ਝੰਡਾ ਲਗਾਇਆ ਗਿਆ ਜਿਸ ਮਗਰੋਂ ਇੱਥੇ ਮਾਹੌਲ ਤਣਾਅਪੂਰਨ ਬਣ ਗਿਆ।

ਦਲਿਤ ਭਾਈਚਾਰੇ ਦੇ ਆਗੂਆਂ ਅਤੇ ਡਾ. ਬੀ ਆਰ ਅੰਬੇਡਕਰ ਦੇ ਸਮਰਥਕਾਂ ਵੱਲੋਂ ਘਟਨਾ ਨੂੰ ਅੰਬੇਡਕਰ ਦਾ ਅਪਮਾਨ ਕਰਾਰ ਦਿੱਤਾ ਗਿਆ।

ਦਰਅਸਲ ਨੰਗਲ ਪਿੰਡ ਵਿੱਚ ਲੱਗੇ ਡਾਕਟਰ ਬੀ ਆਰ ਅੰਬੇਡਕਰ ਦੇ ਬੁੱਤ ਉੱਤੇ ਸ਼ਰਾਰਤੀ ਅਨਸਰਾਂ ਵੱਲੋਂ ‘ਸਿੱਖਸ ਆਰ ਨੌਟ ਹਿੰਦੂ’ ( ਸਿੱਖ ਹਿੰਦੂ ਨਹੀਂ ਹਨ) ਅਤੇ ਖਾਲਿਸਤਾਨ ਪੱਖੀ ਨਾਅਰੇ ਲਿਖੇ ਗਏ ਸਨ। ਇਸ ਮਗਰੋਂ ਅੰਬੇਡਕਰ ਦੇ ਸਮਰਥਕ ਲਗਭਗ ਸਾਰਾ ਦਿਨ ਉਨ੍ਹਾਂ ਦੇ ਬੁੱਤ ਦੁਆਲੇ ਇਕੱਠੇ ਹੋਏ ਰਹੇ।

ਇਸ ਘਟਨਾ ਦੀ ਜ਼ਿੰਮੇਵਾਰੀ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ, ਸਿੱਖਸ ਫਾਰ ਜਸਟਿਸ (ਐੱਸਐੱਫਜੇ) ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਵੱਲੋਂ ਇੱਕ ਵੀਡੀਓ ਰਾਹੀਂ ਲਈ ਗਈ ਹੈ। ਹਾਲਾਂਕਿ ਬੀਬੀਸੀ ਸੁਤੰਤਰ ਤੌਰ ਉੱਤੇ ਇਸ ਵੀਡੀਓ ਦੀ ਪੁਸ਼ਟੀ ਨਹੀਂ ਕਰਦਾ।

ਪੁਲਿਸ ਨੇ ਇਸ ਮਾਮਲੇ ਵਿੱਚ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਘਟਨਾ ਸਾਹਮਣੇ ਕਿਵੇਂ ਆਈ

ਇਸ ਘਟਨਾ ਦਾ ਪਤਾ ਸਭ ਤੋਂ ਪਹਿਲਾਂ ਪਿੰਡ ਦੇ ਸਾਬਕਾ ਸਰਪੰਚ ਖੁਸ਼ੀ ਰਾਮ ਨੂੰ ਲੱਗਿਆ ਜਦੋਂ ਅੱਜ ਸਵੇਰੇ ਉਹ ਰੋਜ਼ਾਨਾ ਦੀ ਤਰ੍ਹਾਂ ਆਪਣੇ ਸਵੇਰ ਦੀ ਸੈਰ ਕਰ ਰਹੇ ਸਨ।

ਖੁਸ਼ੀ ਰਾਮ ਬਹੁਜਨ ਸਮਾਜ ਪਾਰਟੀ ਦੇ ਆਗੂ ਵੀ ਹਨ।

ਉਨਾਂ ਦੱਸਿਆ ਕਿ ਅੱਜ ਜਦੋਂ ਉਹ ਸਵੇਰੇ 6:30 ਵਜੇ ਦੇ ਕਰੀਬ ਸੈਰ ਕਰ ਰਹੇ ਸਨ ਤਾਂ ਉਨਾਂ ਨੂੰ ਅੰਬੇਡਕਰ ਦੇ ਬੁੱਤ ਉੱਤੇ ਵਿਵਾਦਿਤ ਸ਼ਬਦ ਲਿਖੇ ਨਜ਼ਰ ਆਏ।

ਉਨ੍ਹਾਂ ਨੇ ਕਿਹਾ, “ਇਸ ਘਟਨਾ ਨੂੰ ਕਿਸੇ ਸ਼ਰਾਰਤੀ ਅਨਸਰ ਵੱਲੋਂ ਅੰਜਾਮ ਦਿੱਤਾ ਗਿਆ।”

ਕਿਸ ਨੇ ਜ਼ਿੰਮੇਵਾਰੀ ਲਈ

ਇਸ ਘਟਨਾ ਦੀ ਜ਼ਿੰਮੇਵਾਰੀ ਕਥਿਤ ਤੌਰ ਉੱਤੇ ਪਾਬੰਦੀਸ਼ੁਦਾ ਸੰਗਠਨ ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਪੰਨੂ ਨੇ ਲਈ ਹੈ।

ਗੁਰਪਤਵੰਤ ਪੰਨੂ ਨੇ ਕਥਿਤ ਤੌਰ ਉੱਤੇ ਘਟਨਾ ਦੀ ਇੱਕ ਵੀਡੀਓ ਸੋਸ਼ਲ ਮੀਡੀਆ ਉੱਤੇ ਜਾਰੀ ਕੀਤੀ।

ਪੁਲਿਸ ਮੁਤਾਬਕ ਸੰਗਠਨ ਦੇ ਮੁੱਖੀ ਗੁਰਪਤਵੰਤ ਸਿੰਘ ਪੰਨੂ ਨੇ ਘਟਨਾ ਦੀ ਜ਼ਿੰਮੇਵਾਰੀ ਲੈਂਦਿਆਂ 14 ਅਪ੍ਰੈਲ ਨੂੰ ਡਾ. ਅੰਬੇਡਕਰ ਦੇ ਜਨਮ ਦਿਨ ਤੋਂ ਪਹਿਲਾਂ ਪੰਜਾਬ ਵਿੱਚੋਂ ਉਨ੍ਹਾਂ ਦੇ ਬੁੱਤ ਹਟਾਉਣ ਦੀ ਧਮਕੀ ਦਿੱਤੀ।

ਪੁਲਿਸ ਨੇ ਹੁਣ ਤੱਕ ਕੀ ਕਾਰਵਾਈ ਕੀਤੀ

ਦਲਿਤ ਭਾਈਚਾਰੇ ਦੇ ਕਾਫੀ ਲੋਕ ਮੌਕੇ ਉੱਤੇ ਇਕੱਠੇ ਹੋ ਗਏ ਜਿਸ ਤੋਂ ਬਾਅਦ ਜਲੰਧਰ ਦਿਹਾਤੀ ਪੁਲਿਸ ਨੇ ਪਿੰਡ ਵਿੱਚ ਭਾਰੀ ਸੁਰੱਖਿਆ ਤਾਇਨਾਤ ਕੀਤੀ।

ਐੱਸਐੱਸਪੀ ਜਲੰਧਰ ਦਿਹਾਤੀ ਗੁਰਮੀਤ ਸਿੰਘ ਨੇ ਕਿਹਾ ਕਿ ਪੁਲਿਸ ਮੁਲਜ਼ਮਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਇਲਾਕੇ ਦੇ ਸੀਸੀਟੀਵੀ ਫੁਟੇਜ ਦੀ ਜਾਂਚ ਕਰ ਰਹੀ ਹੈ।

ਗੁਰਪਤਵੰਤ ਸਿੰਘ ਪੰਨੂ ਅਤੇ ਹੋਰ ਅਣਪਛਾਤੇ ਵਿਅਕਤੀਆਂ ਵਿਰੁੱਧ ਭਾਰਤੀ ਨਿਆਂ ਸੰਹਿਤਾ ਦੀ ਧਾਰਾ 299 (ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ) ਤਹਿਤ ਫਿਲੌਰ ਪੁਲਿਸ ਸਟੇਸ਼ਨ ਵਿੱਚ ਕੇਸ ਦਰਜ ਕੀਤਾ ਗਿਆ ਹੈ।

### ਸਮਰਥਕਾਂ ਨੇ ਕੀ ਕਿਹਾ

ਪਿੰਡ ਦੇ ਸਾਬਕਾ ਸਰਪੰਚ ਖੁਸ਼ੀ ਰਾਮ ਨੇ ਦੱਸਿਆ ਕਿ ਅੰਬੇਡਕਰ ਦੇ ਬੁੱਤ ਦੁਆਲੇ ਲੱਗੇ ਸ਼ੀਸ਼ੇ ‘ਤੇ ਖਾਲਿਸਤਾਨੀ ਪੱਖੀ ਨਾਅਰੇ ਲਿਖੇ ਗਏ ਅਤੇ ਧਮਕੀਆਂ ਦਿੱਤੀਆਂ ਗਈਆਂ ਹਨ।

ਉਨ੍ਹਾਂ ਕਿਹਾ, “ਪਹਿਲਾਂ ਅੰਮ੍ਰਿਤਸਰ ਵਿੱਚ ਡਾਕਟਰ ਅੰਬੇਡਕਰ ਦਾ ਨਿਰਾਦਰ ਕੀਤਾ ਗਿਆ ਅਤੇ ਹੁਣ ਇੱਥੇ ਅੰਬੇਡਕਰ ਦਾ ਨਿਰਾਦਰ ਕੀਤਾ ਗਿਆ ਹੈ।”

ਉਹਨਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਪੰਜਾਬ ਵਿੱਚ ਜਿੱਥੇ-ਜਿੱਥੇ ਵੀ ਡਾਕਟਰ ਅੰਬੇਡਕਰ ਦੇ ਬੁੱਤ ਲੱਗੇ ਹਨ, ਉਨਾਂ ਦੀ ਸੁਰੱਖਿਆ ਕਰੇ।

ਪਿੰਡ ਦੇ ਵਸਨੀਕ ਮਦਨ ਲਾਲ ਨੇ ਕਿਹਾ, “ਅੱਜ ਸਵੇਰੇ ਜਦੋਂ ਮੈਂ ਸੈਰ ਕਰਨ ਲਈ ਨਿਕਲਿਆ ਸੀ ਤਾਂ ਮੈਂ ਦੇਖਿਆ ਬੁੱਤ ਦੁਆਲੇ ਕਾਲੀ ਸਿਆਹੀ ਨਾਲ ਬਹੁਤ ਕੁਝ ਲਿਖਿਆ ਹੋਇਆ ਸੀ। ਇਹ ਕਿਸੇ ਨੇ ਹਾਲਾਤਾਂ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਹਾਲਾਤ ਸਧਾਰਨ ਹਨ ਅਤੇ ਸ਼ਾਂਤੀ ਬਣੀ ਹੋਈ ਹੈ।”

ਇਸ ਦੌਰਾਨ, ਕਈ ਦਲਿਤ ਭਾਈਚਾਰਿਆਂ ਦੇ ਮੈਂਬਰ, ਬਹੁਜਨ ਸਮਾਜ ਪਾਰਟੀ ਦੇ ਸੂਬਾ ਮੁਖੀ ਅਵਤਾਰ ਸਿੰਘ ਕਰੀਮਪੁਰੀ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਸਥਿਤੀ ਦਾ ਜਾਇਜ਼ਾ ਲੈਣ ਲਈ ਮੌਕੇ ‘ਤੇ ਪਹੁੰਚੇ।

ਉਨ੍ਹਾਂ ਕਿਹਾ, “ਇਹ ਘਟਨਾ ਪੰਜਾਬ ਦੇ ਹਾਲਾਤਾਂ ਨੂੰ ਖਰਾਬ ਕਰਨ ਦੇ ਮੱਦੇਨਜ਼ਰ ਇੱਕ ਸੋਚੀ ਸਾਜਿਸ਼ ਤਹਿਤ ਵਾਪਰੀ ਹੈ। ਸਾਨੂੰ ਕਿਸੇ ਤਰ੍ਹਾਂ ਦੀ ਭੜਕਾਹਟ ਵਿੱਚ ਆਉਣ ਦੀ ਲੋੜ ਨਹੀਂ ਹੈ। ਇਹ ਗਲਤ ਅਨਸਰਾਂ ਦਾ ਕੰਮ ਹੈ ਅਤੇ ਗਲਤ ਅਨਸਰਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ।”

## ਮੁੱਖ ਮੰਤਰੀ ਵੱਲੋਂ ਮੁਸਲਿਮ ਭਰਾਵਾਂ ਨੂੰ ਈਦ ਦਾ ਤੋਹਫ਼ਾ; ਮਲੇਰਕੋਟਲਾ ਦੇ ਵਿਕਾਸ ਲਈ 200 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਐਲਾਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਨੂੰ ਕਿਹਾ ਕਿ ਸੂਬਾ ਸਰਕਾਰ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਵੱਲੋਂ ਪੇਸ਼ ਕੀਤੇ ਗਏ ਵਕਫ਼ ਸੋਧ ਬਿੱਲ ਦਾ ਡਟ ਕੇ ਵਿਰੋਧ ਕਰੇਗੀ।

ਈਦ ਦੇ ਪਵਿੱਤਰ ਤਿਉਹਾਰ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੁਸਲਿਮ ਭਾਈਚਾਰਾ ਇਸ ਬਿੱਲ ਦਾ ਜ਼ੋਰਦਾਰ ਵਿਰੋਧ ਕਰ ਰਿਹਾ ਹੈ ਅਤੇ ਆਮ ਆਦਮੀ ਪਾਰਟੀ ਇਸ ਘੜੀ ਵਿੱਚ ਭਾਈਚਾਰੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਮੁਸਲਿਮ ਭਾਈਚਾਰੇ ਦੇ ਹਿੱਤਾਂ ਦੀ ਰਾਖੀ ਲਈ ਪਾਰਟੀ ਸੰਸਦ ਅਤੇ ਵਿਧਾਨ ਸਭਾ ਦੋਵਾਂ ਵਿੱਚ ਇਸ ਬਿੱਲ ਦਾ ਜ਼ੋਰਦਾਰ ਵਿਰੋਧ ਕਰੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਯਕੀਨੀ ਬਣਾਉਣ ਲਈ ਵਚਨਬੱਧ ਹੈ ਅਤੇ ਇਸ ਲਈ ਹਰ ਹਰਬਾ ਵਰਤਿਆ ਜਾਵੇਗਾ।

ਇਕ ਹੋਰ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਸੰਜਮ ਨਾਲ ਵਰਤੋਂ ਕਰਨ ਲਈ ਵਚਨਬੱਧ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪ ਦੀ ਸਰਕਾਰ ਨੇ ਚਾਰਜ ਸੰਭਾਲਣ ਤੋਂ ਬਾਅਦ ਸੂਬੇ ਵਿੱਚ 15947 ਰਜਵਾਹਿਆਂ ਨੂੰ ਸੁਰਜੀਤ ਕੀਤਾ ਹੈ, ਜਿਸ ਕਾਰਨ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਵੀ ਪਾਣੀ ਟੇਲਾਂ ਤੱਕ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਇਹ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕੰਮ ਕਰ ਰਿਹਾ ਹੈ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਸਿੰਜਾਈ ਲੋੜਾਂ ਲਈ ਨਹਿਰੀ ਪਾਣੀ ਯਕੀਨੀ ਬਣਾ ਰਿਹਾ ਹੈ।

ਸੂਬੇ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਸਥਾਨਕ ਈਦਗਾਹ ਵਿਖੇ ਅਦਾ ਕੀਤੀ ਜਾ ਰਹੀ ਨਮਾਜ਼ ਉੱਤੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਲੋਕ ‘ਯੁੱਧ ਨਸ਼ਿਆਂ ਵਿਰੁੱਧ’ ਦਾ ਵੱਡੇ ਪੱਧਰ ‘ਤੇ ਸਮਰਥਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿਉਂਕਿ ਨਸ਼ਿਆਂ ਵਿਰੁੱਧ ਜੰਗ ਨੂੰ ਲੋਕਾਂ ਦੇ ਸਰਗਰਮ ਸਹਿਯੋਗ ਨਾਲ ਹੀ ਜਿੱਤਿਆ ਜਾ ਸਕਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਜਿੱਤਣ ਅਤੇ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਸਰਗਰਮ ਜਨਤਕ ਭਾਗੀਦਾਰੀ ਦੀ ਬਹੁਤ ਲੋੜ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੀ ਸਹੂਲਤ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ ਅਤੇ ਅਜਿਹੀ ਹੀ ਇੱਕ ਪਹਿਲਕਦਮੀ ਤਹਿਤ ਸੂਬੇ ਦੀਆਂ ਸਾਰੀਆਂ ਸੜਕਾਂ ਦਾ ਕਾਇਆ-ਕਲਪ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸੜਕਾਂ ਰਾਹਗੀਰਾਂ ਲਈ ਸਹੂਲਤ ਵਜੋਂ ਕੰਮ ਕਰਦੀਆਂ ਹਨ ਅਤੇ ਲੋਕਾਂ ਨੂੰ ਸਮਾਨ ਅਤੇ ਸੇਵਾਵਾਂ ਦੀ ਸੁਖਾਲੀ ਪਹੁੰਚ ਵੀ ਕਰਦੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੜਕਾਂ ਸੂਬੇ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਦਿੰਦੀਆਂ ਹਨ।

ਇਸ ਦੌਰਾਨ ਸਥਾਨਕ ਈਦਗਾਹ ਵਿਖੇ ਨਮਾਜ਼ ਅਦਾ ਕਰਨ ਮਗਰੋਂ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਸੂਬੇ ਦੇ ਮੁਸਲਿਮ ਭਰਾਵਾਂ ਨੂੰ ਈਦ ਦੇ ਵੱਡੇ ਤੋਹਫੇ ਵਜੋਂ ਇਤਿਹਾਸਕ ਕਸਬੇ ਮਾਲੇਰਕੋਟਲਾ ਦੇ ਸਰਬਪੱਖੀ ਵਿਕਾਸ ਲਈ 200 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਐਲਾਨ ਕੀਤਾ। ਭਗਵੰਤ ਸਿੰਘ ਮਾਨ ਨੇ ਸਰਬ ਸਾਂਝੀਵਾਲਤਾ, ਸ਼ਾਂਤੀ ਅਤੇ ਸਦਭਾਵਨਾ ਦੇ ਪ੍ਰਤੀਕ ਇਸ ਪਵਿੱਤਰ ਤਿਉਹਾਰ ਦੀ ਲੋਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਤਿਉਹਾਰ ਰਮਜ਼ਾਨ ਦੇ ਪਵਿੱਤਰ ਮਹੀਨੇ ਦੀ ਸਮਾਪਤੀ ਨੂੰ ਦਰਸਾਉਂਦਾ ਹੈ, ਜੋ ਦਾਨ ਅਤੇ ਉਦਾਰਤਾ ਦੀ ਭਾਵਨਾ ਨੂੰ ਦ੍ਰਿੜ੍ਹ ਕਰਵਾਉਂਦਾ ਹੈ ਅਤੇ ਹਮਦਰਦੀ ਦੀਆਂ ਭਾਵਨਾਵਾਂ ਨੂੰ ਉਜਾਗਰ ਕਰਦਾ ਹੈ।

ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਇਹ ਪਵਿੱਤਰ ਦਿਹਾੜਾ ਭਾਈਚਾਰਕ ਸਾਂਝ ਅਤੇ ਸ਼ਾਂਤੀ ਦੇ ਬੰਧਨਾਂ ਨੂੰ ਮਜ਼ਬੂਤ ਕਰੇਗਾ, ਜੋ ਸਾਡੇ ਮਹਾਨ ਗੁਰੂਆਂ, ਸੰਤਾਂ ਅਤੇ ਪੀਰਾਂ ਦੁਆਰਾ ਪ੍ਰਚਾਰੀਆਂ ਗਈਆਂ ਮਹਾਨ ਮਨੁੱਖੀ ਕਦਰਾਂ-ਕੀਮਤਾਂ ਨੂੰ ਦਰਸਾਉਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪਵਿੱਤਰ ਤਿਉਹਾਰ ਆਪਸੀ ਸਦਭਾਵਨਾ ਨੂੰ ਮਜ਼ਬੂਤ ਕਰਦਾ ਹੈ ਅਤੇ ਸਾਨੂੰ ਸਾਰਿਆਂ ਨੂੰ ਪਿਆਰ, ਦੋਸਤੀ ਅਤੇ ਸਦਭਾਵਨਾ ਦੇ ਮਾਰਗ ‘ਤੇ ਚੱਲਣ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਜਾਤ-ਪਾਤ, ਰੰਗ, ਨਸਲ ਦੇ ਭੇਦਭਾਵ ਤੋਂ ਉਪਰ ਉਠ ਕੇ ਸਮੂਹਿਕ ਤੌਰ ‘ਤੇ ਇਸ ਖੁਸ਼ੀ ਦੇ ਤਿਉਹਾਰ ਨੂੰ ਉਤਸ਼ਾਹ ਅਤੇ ਧਾਰਮਿਕ ਸ਼ਰਧਾ ਨਾਲ ਮਨਾਉਣ।

ਇਸ ਦੌਰਾਨ ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਇਤਿਹਾਸਕ ਸ਼ਹਿਰ ਮਾਲੇਰਕੋਟਲਾ ਨੂੰ ਵਿਕਸਤ ਕਰਨਾ ਸੂਬਾ ਸਰਕਾਰ ਦਾ ਫਰਜ਼ ਬਣਦਾ ਹੈ ਅਤੇ ਇਸ ਨੂੰ ‘ਮਾਡਲ ਜ਼ਿਲ੍ਹੇ’ ਵਜੋਂ ਉਭਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਹਿੰਦ ਵਿਖੇ ਛੋਟੇ ਸਾਹਿਬਜ਼ਾਦਿਆਂ ਦੀ ਫਾਂਸੀ ਵਿਰੁੱਧ ਆਵਾਜ਼ ਬੁਲੰਦ ਕਰ ਕੇ ਮਾਲੇਰਕੋਟਲਾ ਦੇ ਨਵਾਬ ਵੱਲੋਂ ਮਾਰੇ ‘ਹਾਅ ਦੇ ਨਾਅਰੇ’ ਦਾ ਕਰਜ਼ਾ ਪੰਜਾਬੀ ਅਤੇ ਖਾਸ ਕਰਕੇ ਸਿੱਖ ਕਦੇ ਵੀ ਨਹੀਂ ਚੁਕਾ ਸਕਦੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ, ਜਿਸ ਲਈ ਪਹਿਲਾਂ ਹੀ ਰੋਡਮੈਪ ਤਿਆਰ ਕੀਤਾ ਜਾ ਚੁੱਕਾ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਜ਼ਿਲ੍ਹੇ ਨੂੰ ਅਤਿ ਆਧੁਨਿਕ ਬੁਨਿਆਦੀ ਢਾਂਚੇ ਅਤੇ ਬੁਨਿਆਦੀ ਨਾਗਰਿਕ ਸਹੂਲਤਾਂ ਨਾਲ ਲੈਸ ਕੀਤਾ ਜਾਵੇਗਾ, ਜਿਸ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਸੂਬੇ ਵਿੱਚ ਸ਼ਾਂਤੀ ਅਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ

# ‘ਆਪ’ ਲੁਧਿਆਣਾ ਜ਼ਿਮਨੀ ਚੋਣ ਦੀ ਖਿੱਚੀ ਤਿਆਰੀ, 3 ਦਿਨ ਲੁਧਿਆਣਾ ਦੌਰੇ ‘ਤੇ ਰਹਿਣਗੇ CM ਮਾਨ

## ਮਈ ‘ਚ ਹੋ ਸਕਦੀ ਲੁਧਿਆਣਾ ਪੱਛਮੀ ‘ਚ ਜ਼ਿਮਨੀ ਚੋਣ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਲੁਧਿਆਣਾ: ਪੰਜਾਬ ਦੇ ਲੁਧਿਆਣਾ ਵਿੱਚ ਜ਼ਿਮਨੀ ਚੋਣ ਨੂੰ ਲੈ ਕੇ ਆਮ ਆਦਮੀ ਪਾਰਟੀ ਨੇ ਤਿਆਰੀ ਖਿੱਚ ਲਈ ਹੈ। ਸੀਐੱਮ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਤਿੰਨ ਦਿਨ ਦੌਰੇ ਉੱਤੇ ਹਨ। ਐਮਪੀ ਅਰੋੜਾ ਨੇ ਕਿਹਾ ਕਿ ਮਈ ਵਿੱਚ ਉਪ ਚੋਣਾਂ ਹੋ ਸਕਦੀਆਂ ਹਨ ਅਤੇ ਨਸ਼ਿਆਂ ਵਿਰੁੱਧ ਰੈਲੀ ਕੱਢਾਂਗੇ।

ਮੁੱਖ ਮੰਤਰੀ ਭਗਵੰਤ ਮਾਨ ਅਤੇ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਕੱਲ੍ਹ ਪੰਜਾਬ ਦੇ ਲੁਧਿਆਣਾ ਪਹੁੰਚ ਰਹੇ ਹਨ। ਉਹ ਫਿਰੋਜ਼ਪੁਰ ਰੋਡ ‘ਤੇ ਹੋਟਲ ਕਿੰਗਜ਼ ਵਿਲਾ ਵਿਖੇ ਉਪ ਚੋਣ ਸੰਬੰਧੀ ਸੂਬਾ ਲੀਡਰਸ਼ਿਪ ਨਾਲ ਮੀਟਿੰਗ ਕਰਨਗੇ। ਇਹ ਮੀਟਿੰਗ ਲਗਭਗ 2 ਤੋਂ 3 ਘੰਟੇ ਚੱਲੇਗੀ। 2 ਅਪ੍ਰੈਲ ਨੂੰ ਮੁੱਖ ਮੰਤਰੀ ਅਤੇ ਅਰਵਿੰਦ ਕੇਜਰੀਵਾਲ ਘੁਮਾਰ ਮੰਡੀ ਵਿੱਚ ਨਸ਼ਿਆਂ ਵਿਰੁੱਧ ਰੈਲੀ ਵੀ ਕਰਨਗੇ। ਰੈਲੀ ਤੋਂ ਬਾਅਦ, ਉਹ ਇਨਡੋਰ ਸਟੇਡੀਅਮ ਵਿੱਚ ਵਿਦਿਆਰਥੀਆਂ ਨੂੰ ਮਿਲਣਗੇ। 3 ਅਪ੍ਰੈਲ ਨੂੰ, ਅਸੀਂ ਆਈ.ਟੀ. ਆਈ. ਕਾਲਜ ਵਿੱਚ ਨਵੀਆਂ ਮਸ਼ੀਨਾਂ ਦੇਖਾਂਗੇ। ਜਾਣਕਾਰੀ ਦਿੰਦੇ ਹੋਏ ਸੰਸਦ ਮੈਂਬਰ ਸੰਜੀਵ ਅਰੋੜਾ ਨੇ ਕਿਹਾ ਕਿ ਕੱਲ੍ਹ ਮੁੱਖ ਮੰਤਰੀ ਮਾਨ ਅਤੇ ਅਰਵਿੰਦ ਕੇਜਰੀਵਾਲ ਅਤੇ ਸੂਬੇ ਦੀ ਸਮੁੱਚੀ ਲੀਡਰਸ਼ਿਪ ਸ਼ਹਿਰ ਵਿੱਚ ਹੋਵੇਗੀ। 2 ਅਪ੍ਰੈਲ ਨੂੰ ਘੁਮਾਰ ਮੰਡੀ ਵਿੱਚ ਨਸ਼ਿਆਂ ਵਿਰੁੱਧ ਇੱਕ ਰੈਲੀ ਵੀ ਕੀਤੀ ਜਾਵੇਗੀ।

### ਅਰੋੜਾ ਨੇ ਕਿਹਾ ਕਿ ਉਮੀਦ ਹੈ ਕਿ ਉਪ ਚੋਣਾਂ ਮਈ ਦੇ ਮਹੀਨੇ ਵਿੱਚ ਹੋ ਸਕਦੀਆਂ

ਚੋਣ ਕਮਿਸ਼ਨ ਜਲਦੀ ਹੀ ਤਾਰੀਖ ਦਾ ਐਲਾਨ ਕਰੇਗਾ। ਅਰੋੜਾ ਨੇ ਕਿਹਾ ਕਿ ਉਹ ਵਿਕਾਸ ਦੇ ਮੁੱਦਿਆਂ ਨੂੰ ਲੈ ਕੇ ਲੋਕਾਂ ਵਿਚਕਾਰ ਜਾ ਰਹੇ ਹਨ। ‘ਆਪ’ ਸਰਕਾਰ ਨੂੰ ਲੋਕਾਂ ਦਾ



ਸਮਰਥਨ ਵੀ ਮਿਲ ਰਿਹਾ ਹੈ। ਪ੍ਰਸ਼ਾਸਨ ਪਹਿਲਾਂ ਹੀ ਉਨ੍ਹਾਂ ਲੋਕਾਂ ‘ਤੇ ਨਜ਼ਰ ਰੱਖ ਰਿਹਾ ਹੈ ਜੋ ਚੋਣਾਂ ਦੌਰਾਨ ਮਾਹੌਲ ਖਰਾਬ ਕਰਨ ਦੀ ਸੰਭਾਵਨਾ ਰੱਖਦੇ ਹਨ ਕਿਉਂਕਿ ਅਜਿਹੇ ਲੋਕ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਸਬੰਧਤ ਨਹੀਂ ਹਨ।

# ਕੇਂਦਰੀ ਏਜੰਸੀਆਂ ਦੇ ਏਜੰਟ ਗੁਰਪਤਵੰਤ ਖਿਲਾਫ ਸਜਾ ਖੁਦ ਤਹਿ ਕਰੇਗਾ ਅੰਬੇਡਕਰੀ ਦਲਿਤ ਸਮਾਜ - ਜਸਵੀਰ ਸਿੰਘ ਗੜ੍ਹੀ

## ਗੜ੍ਹੀ ਦੀ ਚੇਤਾਵਨੀ ਕਿ ਪਨੂੰ 14 ਅਪ੍ਰੈਲ ਤੱਕ ਕਨੇਡਾ ਦੀ ਧਰਤੀ ਤੇ ਖੁੱਲਾ ਘੁੰਮਕੇ ਦਿਖਾ ਦੇਵੇ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ 31ਮਾਰਚ (ਜਗਸੀਰ ਲੌਂਗੋਵਾਲ) - ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਸ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਅੱਤਵਾਦ ਸਮਰਥਕ ਕਨੇਡਾ ਬੈਠਾ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਕੇਂਦਰੀ ਏਜੰਸੀਆਂ ਦਾ ਦੱਲ੍ਹਾ ਹੈ ਅਤੇ ਭਾਰਤ ਦੇਸ਼ ਦਾ ਹੀ ਦੁਸ਼ਮਣ ਨਹੀਂ ਸਗੋਂ ਦਲਿਤ ਸਮਾਜ ਦੀਆਂ ਭਾਵਨਾਵਾਂ ਦਾ ਵੀ ਦੁਸ਼ਮਣ ਨੰਬਰ ਇੱਕ ਹੈ। ਅੱਜ ਫਿਲੌਰ ਵਿਖੇ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਨਾਲ ਹੋਈ ਛੇੜਖਾਨੀ ਤੋਂ ਬਾਅਦ ਦਿੱਤੇ ਭੜਕਾਊ ਭਾਸ਼ਣ ਤੇ ਸਖ਼ਤ ਟਿੱਪਣੀ ਕਰਦਿਆਂ ਸ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਹੈ ਕਿ ਸਿੱਖ ਧਰਮ ਦੀਆਂ ਸਿੱਖਿਆਵਾਂ ਦੀ ਆੜ ਵਿੱਚ ਦਲਿਤ ਸਮਾਜ ਦੀਆਂ ਭਾਵਨਾਵਾਂ ਨਾਲ ਖਾਲਿਸਤਾਨੀ ਅੱਤਵਾਦੀਆਂ ਵਲੋਂ ਖਿਲਵਾੜ ਕਰਨਾ ਦਲਿਤ ਸਮਾਜ ਬਰਦਾਸ਼ਤ ਨਹੀਂ ਕਰੇਗਾ। ਅਜਿਹੇ ਖਾਲਿਸਤਾਨੀ ਅੱਤਵਾਦੀ ਪਿਛਲੇ 45ਸਾਲਾਂ ਤੋਂ ਬਾਬਾ ਸਾਹਿਬ ਅੰਬੇਡਕਰ ਅਤੇ ਭਾਰਤੀ ਸੰਵਿਧਾਨ ਖਿਲਾਫ਼ ਪੁੱਠੇ ਸਿੱਧੇ ਬਿਆਨ ਦੇਕੇ ਹਮੇਸ਼ਾ ਦਲਿਤ ਸਮਾਜ ਦੀਆਂ ਭਾਵਨਾਵਾਂ ਨੂੰ ਕੁਚਲ ਰਹੇ ਹਨ। ਕੇਂਦਰੀ ਏਜੰਸੀਆਂ ਅਜਿਹੇ ਦੇਸ਼ ਵਿਰੋਧੀ ਅਨਸਰਾਂ ਦੀਆਂ ਗਲਤ ਹਰਕਤਾਂ ਨੂੰ ਬੜ੍ਹਾਵਾ ਦੇਕੇ ਦੇਸ਼ ਵਿਚ ਦਲਿਤ ਸਮਾਜ ਨੂੰ ਅਲੱਗ-ਥਲੱਗ ਕਰਕੇ ਮਨੁਸਿੰਮ੍ਰਿਤੀ ਥੋਪਣਾ ਚਾਹੁੰਦੀਆਂ ਹਨ, ਜੋਕਿ ਦੇਸ਼ ਦਾ ਅੰਬੇਡਕਰੀ ਸਮਾਜ ਅਜਿਹਾ ਕਦੀ ਵੀ ਹੋਣ ਨਹੀਂ ਦੇਵੇਗਾ। ਕੇਂਦਰੀ ਏਜੰਸੀਆਂ ਅਜਿਹੀਆਂ ਵੰਡ ਪਾਊ ਸ਼ਕਤੀਆਂ ਨੂੰ ਠੱਲ੍ਹ ਹੀ ਨਾ ਪਾਉਣ, ਸਗੋਂ ਅਜਿਹੀਆਂ ਦੇਸ਼ ਵਿਰੋਧੀ ਤੇ ਦਲਿਤ ਵਿਰੋਧੀ ਅਨਸਰਾਂ ਨੂੰ ਵਿਦੇਸ਼ ਦੀਆਂ ਧਰਤੀਆਂ ਤੇ ਹੀ ਐਲਿਮਿਨੇਟ (ਖਾਤਮਾ) ਕਰਨ, ਤਾਂਕਿ ਦੇਸ਼ ਭਗਤ ਦਲਿਤ ਸਮਾਜ ਦੇ ਸੀਨੇ ਠੰਡ ਪੈ ਸਕੇ। ਸ ਗੜ੍ਹੀ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਗੁਰਪਤਵੰਤ ਪੰਨੂ! ਤੂੰ ਕਨੇਡਾ ਅਮਰੀਕਾ ਦੀ ਧਰਤੀ ਤੇ 14ਅਪ੍ਰੈਲ ਤੱਕ ਰੋਜ਼ ਖੁੱਲਾ ਘੁਮਕੇ ਦਿਖਾ, ਦਲਿਤ ਸਮਾਜ ਦਸੇਗਾ ਕਿ ਕਿਸਦਾ ਬੁੱਤ ਧਰਤੀ ਤੇ ਖੜ੍ਹਾ ਰਹਿੰਦਾ ਹੈ, ਕਿਸਦਾ ਖਤਮ। ਖਾਲਿਸਤਾਨੀ ਵਿਚਾਰਧਾਰਾ ਨਾਲ ਦਲਿਤ ਸਮਾਜ ਦੀ ਨਾ ਦੁਸ਼ਮਣੀ ਹੈ ਨਾ ਦੋਸਤੀ। ਖਾਲਿਸਤਾਨੀ ਵਿਚਾਰਧਾਰਾ ਦਾ ਦਲਿਤ ਸਮਾਜ ਨਾ ਸਮਰਥਣ ਕਰਦਾ ਹੈ ਨਾ ਖੰਡਨ। ਇਹ ਦੇਖਣਾ ਹਕੂਮਤਾਂ ਦਾ ਕੰਮ ਹੈ, ਕਿ ਕਿਹੜੀ ਵਿਚਾਰਧਾਰਾ ਦੇਸ਼ ਵਿਚ ਪਨਪਣ ਦੇਣੀ ਹੈ ਕਿਹੜੀ ਨਹੀਂ। ਜਦੋਂ ਦਲਿਤ ਸਮਾਜ ਸੱਤਾ ਤੇ ਕਾਬਜ ਹੋਵੇਗਾ ਉਦੋਂ ਦਲਿਤ ਸਮਾਜ ਫੈਸਲਾ ਕਰੇਗਾ ਕਿ ਅਸੀਂ ਕਿਸ



ਵਿਚਾਰਧਾਰਾ ਤੇ ਕੀ ਫੈਸਲਾਂ ਲੈਣਾ ਹੈ। ਅਸੀ ਭਾਰਤ ਦੇਸ਼ ਦੇ ਨਿਵਾਸੀ ਹੈ, ਤੇ ਕਿਸੀ ਵੀ ਦੇਸ਼ ਤੋੜਨ ਵਾਲੀ ਸ਼ਕਤੀ ਦਾ, ਬਾਬਾ ਸਾਹਿਬ ਅੰਬੇਡਕਰ ਦੇ ਸੰਵਿਧਾਨ ਦਾ ਵਿਰੋਧ ਕਰਨ ਵਾਲੇ ਦਾ ਮੂੰਹ ਤੋੜ ਜਵਾਬ ਦੇਵਾਂਗੇ। ਓਹ ਚਾਹੇ ਪੰਨੂ ਹੋਵੇ, ਚਾਹੇ ਪੰਨੂ ਦੀ ਵਿਚਾਰਧਾਰਾ ਦੇ ਹੋਰ ਲੋਕ। ਕੇਂਦਰ ਸਰਕਾਰ ਨੂੰ ਸਮੂਹ ਅਨੁਸੂਚਿਤ ਜਾਤੀਆਂ ਵਲੋਂ ਹੀ ਨਹੀਂ ਸਮੁੱਚੇ ਦੇਸ਼ ਵਲੋ ਅਪੀਲ ਹੈ ਕਿ ਅਜਿਹੇ ਅਨਸਰਾਂ ਨੂੰ ਸਰਕਾਰ ਕਨੇਡਾ ਦੀ ਧਰਤੀ ਤੇ ਹੀ ਖਤਮ ਕਰੇ, ਨਹੀਂ ਤਾਂ ਕਨੇਡਾ ਅਮਰੀਕਾ ਦਾ ਅਣਖੀ ਅੰਬੇਡਕਰੀ ਸਮਾਜ ਚੁੱਪ ਨਹੀਂ ਬੈਠੇਗਾ।

# ਮੰਤਰੀ ਦੇ ਘਰ ਦਾ ਘਿਰਾਓ ਕਰਨ ਜਾਂਦੇ ਕਿਸਾਨਾਂ ਦੀ ਪੁਲਿਸ ਨਾਲ ਝੜਪ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਿਕ) ਵੱਲੋਂ ਅੱਜ ਪੰਜਾਬ ਵਿੱਚ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਦਾ ਘਿਰਾਓ ਕਰਨ ਦਾ ਸੱਦਾ ਦਿੱਤਾ ਗਿਆ ਸੀ। ਜਲੰਧਰ ਵਿੱਚ ਕੈਬਨਿਟ ਮੰਤਰੀ



ਮਹਿੰਦਰ ਭਗਤ ਦੇ ਘਰ ਬਾਹਰ ਕਿਸਾਨਾਂ ਅਤੇ ਪੁਲਿਸ ਵਿੱਚ ਆਪਸੀ ਝੜਪ ਹੋਣ ਦੀ ਖਬਰ ਹੈ।

ਕਿਸਾਨ ਜਦੋਂ ਕੈਬਨਿਟ ਮੰਤਰੀ ਦੇ ਘਰ ਵੱਲ ਜਾ ਰਹੇ ਸਨ ਤਾਂ ਪੁਲਿਸ ਨੇ ਕਿਸਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਦੌਨ ਕਿਸਾਨਾਂ ਨੇ ਬੈਰੀਕੇਡ ਚੱਕ ਕੇ ਸੁੱਟ ਦਿੱਤੇ। ਕਿਸਾਨ ਅੱਗੇ ਵੱਲ ਵਧਣ ਲੱਗੇ। ਇਸ ਦੌਰਾਨ ਕਿਸਾਨਾਂ ਤੇ ਪੁਲਿਸ ਵਿੱਚਕਾਰ ਆਪਸੀ ਝੜਪ ਹੋ ਗਈ।

# ਥਾਣਾ ਫਿਲੌਰ ਅਧੀਨ ਪਿੰਡ ਨੰਗਲ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਦੀ ਬੇਅਬਦੀ ਕੀਤੀ ਗਈ, ਬਸਪਾ ਵੱਲੋਂ ਨਿੰਦਾ, ਅਵਤਾਰ ਸਿੰਘ ਕਰੀਮਪੁਰੀ

## ਬਸਪਾ ਪ੍ਰਭਾਰੀ ਦੀ ਸ਼ਿਕਾਇਤ ਤੇ ਮਾਮਲਾ ਦਰਜ਼।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਜਗਤਾਰ ਸਿੰਘ ਰੇੜ੍ਹੇਵਾਲ -- ਥਾਣਾ ਫਿਲੌਰ ਅਧੀਨ ਪੈਂਦੇ ਪਿੰਡ ਨੰਗਲ ਜਿਲ੍ਹਾ ਜਲੰਧਰ ਵਿਖੇ ਲੱਗੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਜੋ ਸ਼ੀਸ਼ੇ ਵਿੱਚ ਲੱਗਿਆ ਹੋਇਆ ਹੈ। ਉਸ ਤੇ ਸ਼ਰਾਰਤੀ ਅਨਸਰਾਂ ਵਲੋਂ ਖਾਲਸਤਾਨ ਦੇ ਝੰਡੇ ਲਗਾ ਕੇ ਬੇਅਦਬੀ ਕੀਤੀ ਗਈ। ਝੰਡੇ ਉਤੇ SIKH ARE NOT HINDU, SIKHS REJECTED NOT INDIAN CONSTITUTION , KHALISTAN REFERENDUM VOTING 19 AUGUST... ਖ਼ਾਲਿਸਤਾਨ ਜ਼ਿੰਦਾਬਾਦ, ਵਰਗੇ ਨਾਹਰੇ ਲਿਖੇ ਹੋਏ ਸਨ। ਜਦੋਂ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਇਹ ਗੱਲ ਸੋਸ਼ਲ ਮੀਡੀਆ ਰਾਹੀਂ ਅੱਗ ਵਾਂਗ ਫੈਲ ਗਈ। ਵੱਡੀ ਗਿਣਤੀ ਵਿੱਚ ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂ ਤੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਇਸ ਮੌਕੇ ਤੇ ਪਹੁੰਚੇ



ਤੇ ਉਨ੍ਹਾਂ ਨੇ ਉਸ ਥਾਂ ਨੂੰ ਦੇਖਦੇ ਹੋਏ ਮੀਡੀਏ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਬਾਬਾ ਸਾਹਿਬ ਦੇ ਬੁੱਤ ਦੀ ਬੇਅਬਦੀ ਹੋਈ ਸੀ ਤਾਂ ਅਸੀਂ ਉਸ ਸਮੇਂ ਸਰਕਾਰ ਤੋਂ ਮੰਗ ਕੀਤੀ ਸੀ ਕਿ ਜਿਸ ਜਗ੍ਹਾ ਤੇ ਜਿੱਥੇ ਵੀ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਦੇ ਸਟੈਚੂ ਲੱਗੇ ਹੋਏ ਹਨ ਉਨ੍ਹਾਂ ਦੀ ਸੁਰੱਖਿਆ (ਰਾਖੀ) ਲਈ ਸਰਕਾਰ ਕਦਮ ਚੁੱਕੇ ਤਾਂ ਕਿ ਕੋਈ ਉਨ੍ਹਾਂ ਦੀ ਬੇਅਬਦੀ ਨਾ ਕਰ ਸਕੇ ਅਤੇ ਮੰਗ ਕੀਤੀ ਕਿ ਬੇਅਦਬੀ ਕਰਨ ਵਾਲਿਆਂ ਵਿਰੁੱਧ ਸਖ਼ਤ ਧਰਾਵਾਂ ਤਹਿਤ ਕਾਰਵਾਈ ਕੀਤੀ ਜਾਵੇ। ਬਾਬਾ ਸਾਹਿਬ ਅੰਬੇਡਕਰ ਜੀ ਦੇ ਬੁੱਤ ਤੇ ਪੰਜਾਬ ਵਿੱਚ ਇਹ ਦੂਜਾ ਹਮਲਾ ਹੈ। ਇਸ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਬਾਬਾ ਸਾਹਿਬ ਦੇ ਬੁੱਤ ਨੂੰ ਤੋੜਿਆ ਗਿਆ ਸੀ। ਇਹਨਾਂ ਦੋਵਾਂ ਹਮਲਿਆਂ ਵਿਚ ਇਕ ਗੱਲ ਸਾਂਝੀ ਹੈ ਉਹ ਇਹ ਹੈ ਕਿ ਸ਼ਰਾਰਤੀ ਅਨਸਰ ਇਹ ਲਿਖ ਰਹੇ ਹਨ ਕਿ ਸਿੱਖ ਹਿੰਦੂ ਧਰਮ ਦਾ ਹਿੱਸਾ ਨਹੀਂ। ਅੰਮ੍ਰਿਤਸਰ ਸਾਹਿਬ ਵਾਲੀ ਘਟਨਾ ਵਿਚ ਵੀ ਇਹ ਗੱਲ ਨਿਕਲ ਕੇ ਆਈ ਸੀ ਤੇ ਅੱਜ ਫਿਲੋਰ ਵਾਲੀ ਘਟਨਾ ਵਿਚ ਵੀ ਇਹ ਗੱਲ ਸਾਹਮਣੇ ਆਈ ਹੈ ਪਰ ਜੋ ਵੀ ਇਹ ਸ਼ਰਾਰਤੀ ਅਨਸਰ ਇਹ ਘਟਨਾਵਾਂ ਕਰਵਾ ਰਹੇ ਹਨ ਉਨ੍ਹਾਂ ਨੂੰ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਪੜ੍ਹਨ ਦੀ ਲੋੜ ਹੈ ਕਿ ਬਾਬਾ ਸਾਹਿਬ ਖੁਦ ਲਿਖ ਕੇ ਗਏ ਸਨ ਕਿ ਸਿੱਖ ਸਮਾਜ ਇਕ ਵੱਖਰਾ ਸਮਾਜ ਹੈ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਨੇ ਖੁਦ ਬੁੱਧ ਧਰਮ ਮੰਨਣ ਲਈ ਕਿਹਾ ਅਤੇ ਕਿਹਾ ਕਿ ਸਾਡਾ ਹਿੰਦੂ ਧਰਮ ਨਾਲ ਕੋਈ ਸਬੰਧ ਨਹੀਂ। ਕੁਝ ਅਜਿਹੀਆਂ ਤਾਕਤਾਂ ਜੋ ਕੇ ਫੁੱਟ ਪਾਓ ਤੇ ਰਾਜ ਕਰੋ ਦੀ ਨੀਤੀ ਦੇ ਤਹਿਤ ਕੰਮ ਕਰਦੀਆਂ ਹਨ ਉਨ੍ਹਾਂ ਦਾ ਵੀ ਇਹ ਸ਼ਰਾਰਤੀ ਸਟੰਟ ਹੋ ਸਕਦੇ ਹਨ। ਇਤਿਹਾਸ ਦੇ ਪੰਨਿਆਂ ਤੇ ਇਹ ਵੀ ਲਿਖਿਆ ਹੈ ਕਿ ਆਰ ਐਸ ਐਸ ਅਤੇ ਦੇਸ਼ ਵਿਚ ਜ਼ਾਤ ਧਰਮ ਦੀ ਕੱਟੜਤਾ ਫੈਲਾਉਣ ਵਾਲੇ ਲੋਕ ਕਦੇ ਮੈਦਾਨੇ ਜੰਗ ਵਿੱਚ ਆਕੇ ਨਹੀਂ ਲੜੇ। ਸਗੋਂ ਲੋਕਾਂ ਨੂੰ ਆਪਸ ਵਿਚ ਲੜਾ ਕੇ ਰਾਜ ਕਰਨ ਦਾ ਪੈਲਾਨ ਬਣਾਉਂਦੇ ਹਨ। ਇਸ ਲਈ ਇਹ ਵੀ ਇੱਕ ਚਾਲ ਹੋ ਸਕਦੀ ਹੈ ਕਿ ਕਿਸੇ ਤਰੀਕੇ ਨਾਲ ਪੰਜਾਬ ਵਿੱਚ ਸੱਭਿਆਚਾਰਕ, ਭਾਈਚਾਰਕ ਸਾਂਝ ਨੂੰ ਤੋੜ ਕੇ ਬਾਬਾ ਸਾਹਿਬ ਦੇ ਮੰਨਣ ਵਾਲਿਆਂ ਤੇ ਸਿੱਖ ਧਰਮ ਦੇ ਲੋਕਾਂ ਵਿੱਚ ਫੁੱਟ ਪਾਉਣ ਦੀ ਚਾਲ ਵੀ ਹੋ ਸਕਦੀ ਹੈ।ਲੋਕਾਂ ਦੇ ਰੋਹ ਅੱਗੇ ਝੁਕਦਿਆਂ ਬਸਪਾ ਪ੍ਰਭਾਰੀ ਸਾਬਕਾ ਸਰਪੰਚ ਖੁਸ਼ੀ ਰਾਮ ਦੀ ਸ਼ਿਕਾਇਤ ਤੇ ਬਿਆਨਾ ਦੇ ਅਧਾਰ ਤੇ FIR No.0085, ਧਾਰਾਵਾਂ 299-BNS ਅਧੀਨ ਅਣਪਛਾਤੇ ਵਿਅਕਤੀਆਂ ਤੇ ਪਰਚਾ ਦਰਜ਼ ਕਰ ਦਿੱਤਾ ਗਿਆ ਅਤੇ ਪ੍ਰਸ਼ਾਸਨ ਵੱਲੋਂ ਯਕੀਨ ਦਵਾਇਆ ਗਿਆ ਕਿ ਦੋਸ਼ੀਆਂ ਨੂੰ ਜਲਦੀ ਗਿਰਫ਼ਤਾਰ ਕਰਕੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

12 First Information contents (ਵੇਰਵਾ):
N.C.R.B (ਐਨ.ਸੀ.ਆਰ.ਬੀ) 11.F.-1 (ਆਈ.ਆਈ.ਐਫ.-I)



ਬਿਆਨ ਅਜਾਨੇ ਖੁਸ਼ੀ ਰਾਮ ਪੁੱਤਰ ਗਿਆਨ ਚੰਦ ਵਾਸੀ ਨੰਗਲ ਥਾਣਾ ਫਿਲੌਰ ਜਿਲਾ ਜਲੰਧਰ ਉਮਰ ਕਰੀਬ 38 ਸਾਲ ਮੋਬਾਇਲ ਨੰਬਰ 70091- 61676 ਬਿਆਨ ਕੀਤਾ ਕਿ ਮੈਂ ਉੱਕਤ ਪਤੇ ਦਾ ਰਹਿਣ ਵਾਲਾ ਹੈ ਅਤੇ ਮੌਜੂਦਾ ਪੰਚ ਹੈ ਅਤੇ ਸਾਬਕਾ ਸਰਪੰਚ ਅਤੇ ਇੰਚਾਰਜ ਬਹੁਜਨ ਸਮਾਜ ਪਾਰਟੀ ਹਲਕਾ ਫਿਲੌਰ ਜਿਲਾ ਜਲੰਧਰ ਦਾ ਪ੍ਰਭਾਰੀ ਹੈ | ਅੱਜ ਮੈ ਸਵੇਰੇ ਸੈਰ ਕਰਨ ਦੇ ਲਈ ਗਿਆ | ਜਦੋਂ ਮੈ ਨੰਗਲ ਗੇਟ ਕੋਲ ਪੁੱਜਾ ਤਾ ਵਕਤ ਕਰੀਬ 06 . 30 AM ਵਜੇ ਸਵੇਰ ਦਾ ਹੋਵੇਗਾ ਜਦੋਂ ਮੈਂ ਡਾ . ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਕੋਲ ਪੁੱਜਾ ਤਾਂ ਦੇਖਿਆ ਕਿ ਡਾ . ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਦੇ ਸਾਹਮਣੇ ਇੱਕ ਨੀਲੇ ਰੰਗ ਦਾ ਝੰਡਾ ਜਿਸ ਉਪਰ PUNJAB REFERENDRUM ਸ਼ਸਤਰ ਕੇ ਅਧੀਨ ਹੈ ਰਾਜ SFJ 2020 ਅਤੇ ਇੱਕ ਹੋਰ ਪੀਲੇ ਰੰਗ ਦੇ ਝੰਡੇ ਪਰ SIKHS ARE NOT HINDU SIKHS REJECT INDIAN CONSTITUTION KHALISTAN REFERENDUM VOTING 19 AUGUST IN WASHINGTON DC ਅਤੇ ਡਾ . ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਪਰ ਲੱਗੇ ਸੀਸੇ ਪਰ SIKHS ARE NOT HINDU ਲਿਖਿਆ ਪੜ੍ਹਿਆ ਜਿਸ ਨਾਲ ਮੇਰੇ ਮਨ ਨੂੰ ਬਹੁਤ ਠੇਸ ਲੱਗੀ ਹੈ | ਜੋ ਸਾਡੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ | ਅਤੇ ਇੱਕ ਸੋਸਲ ਮੀਡੀਆ ਤੇ ਵੀਡੀਓ ਵਾਇਰਲ ਹੋਈ ਹੈ ਜਿਸ ਵਿੱਚ ਗੁਰਪਤਵੰਤ ਸਿੰਘ ਪਨੂੰ ਨੇ ਜਿੰਮੇਵਾਰੀ ਲਈ ਹੈ ਅਤੇ ਵੀਡੀਓ ਵਿੱਚ ਵੀ ਅਪਜਨਕ ਸ਼ਬਦ ਦੀ ਵਰਤੋਂ ਕੀਤੀ | ਜਿਹਨਾ ਨੇ ਉੱਕਤ ਘਨੋਨੀ ਘਟਨਾ ਕੀਤੀ ਹੈ। ਇਸ ਲਈ ਉਸ ਤੇ ਅਤੇ ਉਸ ਦੇ ਅਣਪਛਾਤੇ ਸਾਥੀਆ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ | ਬਿਆਨ ਸੁਣ ਲਿਆ ਪੜ ਲਿਆ ਠੀਕ ਹੈ | SD ਅੰਗਰੇਜੀ ਖੁਸੀ ਰਾਮ ਸ਼ਾਇਦ SD ਅੰਗਰੇਜੀ ਅਮੀਰ ਚੰਦ ਮੈਂਬਰ ਪੰਚਾਇਤ ਨੰਗਲ ਤਸਦੀਕ SD ਅੰਗਰੇਜੀ ਸੁਭਾਸ ਚੰਦਰ ASI ਥਾਣਾ ਫਿਲੌਰ ਜਿਲਾ ਜਲੰਧਰ ( ਦਿ ) ਮਿਤੀ 31- 03 - 2025 ਕਾਰਵਾਈ ਪੁਲਿਸ : - ਅੱਜ ਮਨ ASI ਸਮੇਤ ASI ਧਰਮਿੰਦਰ ਸਿੰਘ 216 / ਜਲੰਧਰ, CT ਇਕਬਾਲ ਸਿੰਘ 579 / JAL, L / CT ਸੋਨੀਆ ਰਾਣੀ 825 / JAL - R ਦੇ ਬਾਏ ਕਰਨੇ ਗਸਤ ਤੇ ਚੈਕਿੰਗ ਭੈੜੇ ਪ੍ਰਸਾ ਸਬੰਧੀ ਵਿੱਚ ਅੱਡਾ ਨੂਰਮਹਿਲ ਫਿਲੋਰ ਮੌਜੂਦ ਸੀ | ਮੇਰੇ ਪਾਸ ਖੁਸ਼ੀ ਰਾਮ ਪੁੱਤਰ ਗਿਆਨ ਚੰਦ ਵਾਸੀ ਨੰਗਲ ਥਾਣਾ ਫਿਲੌਰ ਸਮੇਤ ਅਮੀਰ ਚੰਦ ਮੈਂਬਰ ਪੰਚਾਇਤ ਨੰਗਲ ਦੇ ਹਾਜਰ ਆ ਕੇ ਆਪਣਾ ਬਿਆਨ ਤਹਿਰੀਰ ਕਰਾਇਆ | ਬਿਆਨਾ ਦੇ ਮਜਬੂਨ ਤੋਂ ਸਰਦਸਤ ਸੂਰਤ ਜੁਰਮ 299 BNS ਦਾ ਬਣਦਾ ਹੈ | ਜਿਸ ਤੇ ਬਿਆਨ ਹਜਾ ਲਿਖ ਕੇ ਪਰਚਾ ਦਰਜ ਕਰਾਉਣ ਲਈ ਹੱਥੀਂ L / CT ਸੋਨੀਆ ਰਾਣੀ 825 / JAL - R ਦੇ ਥਾਣਾ ਭੇਜਿਆ ਜਾਂਦਾ ਹੈ । ਮੁਕੱਦਮਾ ਦਰਜ ਰਜਿਸਟਰ ਕਰਕੇ ਨੰਬਰ ਮੁਕੱਦਮਾ ਤੇ ਜਾਣੂ ਕੀਤਾ ਜਾਵੇ | ਕੰਟਰੋਲ ਰੂਮ ਪਰ ਬਜਰੀਆ ਵਾਇਰਲੇਸ ਇਤਲਾਹ ਦਿੱਤੀ ਜਾਵੇ | ਸਪੈਸਲ ਰਿਪੋਰਟਾ ਜਾਰੀ ਕਰਕੇ ਇਲਾਕਾ ਮੈਜਿਸਟਰੇਟ ਸਾਹਿਬ ਫਿਲੌਰ ਅਤੇ ਸੀਨੀਅਰ ਅਫਸਰਾਨ ਬਾਲਾ ਜੀ ਦੀ ਸੇਵਾ ਵਿੱਚ ਭੇਜੀਆ ਜਾਣ | ਮਨ ASI ਸਮੇਤ ਸਾਥੀ ਕਰਮਚਾਰੀਆਂ ਦੇ ਰਵਾਨਾ ਮੌਕਾ ਦਾ ਹੁੰਦਾ ਹੈ | SD ਅੰਗਰੇਜੀ ਸੁਭਾਸ ਚੰਦਰ ASI ਥਾਣਾ ਫਿਲੌਰ ਜਿਲਾ ਜਲੰਧਰ ( ਦਿ ) ਮਿਤੀ 31 - 03 - 2025 ਅੱਜ ਬਾਹੱਦ ਰਕਬਾ ਅੱਡਾ ਨੂਰਮਹਿਲ ਫਿਲੌਰ ਥਾਣਾ ਫਿਲੌਰ At : - 11, 00 AM ਅੱਜ ਥਾਣਾ : ਉਪਰੋਕਤ ਲਿਖਤ ਦੇ ਮੌਸੂਲ ਥਾਣਾ ਹੋਣ ਤੇ ਇਹ ਪਹਿਲੀ ਸੂਚਨਾ ਰਿਪੋਰਟ ਉੱਕਤ ਧਾਰਾ ਅਧੀਨ ਦਰਜ ਰਜਿਸਟਰ ਕਰਕੇ ਅਸਲ ਲਿਖਤ ਮਹਿ ਨਕਲ FIR ਹੱਥੀ L / CT ਅਰਿੰਦਾ ਦੇ ਨਿਯਦ ASI ਪਾਸ ਬਰ ਮੌਕਾ ਬ੍ਰਾਏ ਤਫਤੀਸ਼ ਲਈ ਭੇਜੀ ਜਾ ਰਹੀ ਹੈ | ਸਪੈਸ਼ਲ ਰਿਪੋਰਟਾ ਤਿਆਰ ਕਰਕੇ ਹੱਥੀ SCT ਜਤਿੰਦਰ ਸਿੰਘ 1251 / ਜਲੰਧਰ ਦੇ ਇਲਾਕਾ ਮੈਜਿਸਟ੍ਰੇਟ ਸਾਹਿਬ ਫਿਲੌਰ ਅਤੇ ਸੀਨੀਅਰ ਅਫਸਰ ਬਾਲਾ ਜੀ ਦੀ ਸੇਵਾ ਵਿੱਚ ਭੇਜੀਆ ਜਾ ਰਹੀਆ ਹਨ । ਮੁੱਖ ਅਫਸਰ ਥਾਣਾ ਅਤੇ ਕੰਟਰੋਲ ਰੂਮ ਪਰ ਇਤਲਾਹ ਦਿੱਤੀ ਜਾ ਰਹੀ ਹੈ।

ਤਕਮੀਲ ਰਪਟ ਨੰਬਰ .15 ਮਿਤੀ 31. 03. 2025 AT . 11: 40 AM

# ਮੋਹਾਲੀ ਨੇੜੇ ਵਾਪਰਿਆ ਦਰਦਨਾਕ ਹਾਦਸਾ, ਪੰਜਾਬ ਯੂਨੀਵਰਸਿਟੀ ਦੇ 3 ਵਿਦਿਆਰਥੀਆਂ ਦੀ ਮੌਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਮੁਹਾਲੀ ਨੇੜੇ ਅੱਜ ਤੜਕੇ ਲਾਈਟ ਪੁਆਇੰਟ ਬੁਥਗੜ੍ਹ 'ਚ ਵਾਪਰੇ ਸੜਕ ਹਾਦਸੇ ਵਿਚ ਪੰਜਾਬ ਯੂਨੀਵਰਸਿਟੀ ਦੇ 3 ਵਿਦਿਆਰਥੀਆਂ ਦੀ ਮੌਤ ਹੋ ਗਈ । ਜਾਣਕਾਰੀ ਅਨੁਸਾਰ ਕੋਈ ਅਣਪਛਾਤਾ ਵਾਹਨ ਇਨ੍ਹਾਂ ਦੀ ਗੱਡੀ ਨੂੰ ਟੱਕਰ ਮਾਰ ਗਿਆ, ਜਿਸ ਕਾਰਨ ਇਨ੍ਹਾਂ ਦੀ ਗੱਡੀ ਡਿਵਾਈਡਰ 'ਤੇ ਜਾ ਚੜ੍ਹੀ।



ਪੁਲਿਸ ਅਤੇ ਸਥਾਨਕ ਲੋਕਾਂ ਨੇ ਮੌਕੇ 'ਤੇ ਪਹੁੰਚ ਕੇ ਜ਼ਖ਼ਮੀਆਂ ਨੂੰ ਨਜ਼ਦੀਕੀ ਹਸਪਤਾਲ ਵਿਚ ਭਰਤੀ ਕਰਵਾਇਆ, ਪਰੰਤੂ ਤਿੰਨ ਵਿਦਿਆਰਥੀਆਂ ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕਾਂ ਦੀ ਪਛਾਣ ਸ਼ੁਭਮ ਜਟਵਾਲ, ਜੋ ਕਿ ਪੰਜਾਬ ਯੂਨੀਵਰਸਿਟੀ (Punjab University) ਵਿੱਚ ਫੋਰੈਂਸਿਕ ਸਾਇੰਸ ਵਿੱਚ ਪੀਐਚਡੀ ਦਾ ਵਿਦਿਆਰਥੀ ਹੈ ਅਤੇ ਮੁੰਡਿਆਂ ਦੇ ਹੋਸਟਲ 3 ਦਾ ਨਿਵਾਸੀ ਹੈ; ਸੌਰਭ ਪਾਂਡੇ, ਜੋ ਕਿ ਮਨੁੱਖੀ ਜੀਨੋਮ ਵਿਭਾਗ ਦਾ ਸਾਬਕਾ ਪੀਯੂ ਵਿਦਿਆਰਥੀ ਹੈ; ਅਤੇ ਇੱਕ ਰੁਬੀਨਾ ਵਜੋਂ ਹੋਈ ਹੈ। ਜ਼ਖਮੀ ਵਿਦਿਆਰਥੀ ਮਾਨਵੇਂਦਰ ਗੰਭੀਰ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।

# ਇੰਡੀਗੋ ਨੂੰ ਆਮਦਨ ਕਰ ਵਿਭਾਗ ਵੱਲੋਂ 944.20 ਕਰੋੜ ਰੁਪਏ ਦਾ ਜੁਰਮਾਨਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਆਮਦਨ ਕਰ ਵਿਭਾਗ (Income Tax Department) ਵੱਲੋਂ ਇੰਡੀਗੋ ਕੰਪਨੀ ਇੰਟਰਗਲੋਬ ਏਵੀਏਸ਼ਨ (Inter Globe Aviation) ਲਿਮਟਿਡ, ਨੂੰ 944.20 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਹੈ। ਕੰਪਨੀ ਨੇ ਜੁਰਮਾਨੇ ਨੂੰ ਰੱਦ ਕਰਦੇ ਹੋਏ ਇਸਨੂੰ "ਗਲਤ ਅਤੇ ਬੇਤੁਕਾ" ਕਿਹਾ ਹੈ ਅਤੇ ਇਸਨੂੰ ਕਾਨੂੰਨੀ ਚੁਣੌਤੀ ਦੇਣ ਦੀ ਯੋਜਨਾ ਬਣਾ ਰਹੀ ਹੈ।

"ਆਮਦਨ ਟੈਕਸ ਅਧੀਨ ਉਕਤ ਜੁਰਮਾਨੇ ਦਾ ਹੁਕਮ ਇਸ ਗਲਤ ਸਮਝ ਦੇ ਆਧਾਰ 'ਤੇ ਪਾਸ ਕੀਤਾ ਗਿਆ ਹੈ ਕਿ ਕੰਪਨੀ ਦੁਆਰਾ ਧਾਰਾ 143(3) ਦੇ ਤਹਿਤ ਮੁਲਾਂਕਣ ਆਦੇਸ਼ ਦੇ ਵਿਰੁੱਧ ਆਮਦਨ ਟੈਕਸ ਕਮਿਸ਼ਨਰ (ਅਪੀਲ) ਦੇ ਸਾਹਮਣੇ ਦਾਇਰ ਕੀਤੀ ਗਈ ਅਪੀਲ ਨੂੰ ਖਾਰਜ ਕਰ ਦਿੱਤਾ ਗਿਆ ਹੈ। ਕੰਪਨੀ ਦਾ ਮੰਨਣਾ ਹੈ ਕਿ ਆਮਦਨ ਟੈਕਸ ਅਥਾਰਟੀ




ਦੁਆਰਾ ਪਾਸ ਕੀਤਾ ਗਿਆ ਹੁਕਮ ਕਾਨੂੰਨ ਦੇ ਅਨੁਸਾਰ ਨਹੀਂ ਹੈ ਅਤੇ ਗਲਤ ਹੈ। ਕੰਪਨੀ ਇਸ ਦਾ ਵਿਰੋਧ ਕਰੇਗੀ ਅਤੇ ਅਪੀਲ ਕਰੇਗੀ।

# ਐਨਆਈਏ ਵੱਲੋਂ ਡੰਕੀ ਰੂਟ ਰਾਹੀਂ ਅਮਰੀਕਾ ਭੇਜਣ ਦੇ ਮਾਮਲੇ ਵਿਚ ਮੁੱਖ ਮੁਲਜ਼ਮ ਗ੍ਰਿਫ਼ਤਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਕੌਮੀ ਜਾਂਚ ਏਜੰਸੀ (NIA) ਨੇ ਇੱਕ ਵਿਅਕਤੀ ਨੂੰ ਬਦਨਾਮ 'ਡੰਕੀ' ਰੂਟ ਰਾਹੀਂ ਗੈਰਕਾਨੂੰਨੀ ਤੌਰ 'ਤੇ ਅਮਰੀਕਾ ਭੇਜਣ ਦੇ ਮਾਮਲੇ ਵਿਚ ਇੱਕ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਗਿਆ ਹੈ ਕਿ ਪੱਛਮੀ ਦਿੱਲੀ ਦੇ ਤਿਲਕ ਨਗਰ ਦੇ ਰਹਿਣ ਵਾਲੇ ਗਗਨਦੀਪ ਸਿੰਘ ਉਰਫ ਗੋਲਡੀ ਨੂੰ NIA ਨੇ ਐਤਵਾਰ ਨੂੰ ਗ੍ਰਿਫ਼ਤਾਰ ਕੀਤਾ ਹੈ।

ਗ਼ੌਰਤਲਬ ਹੈ ਕਿ 'ਡੰਕੀ' ਸ਼ਬਦ 'ਗਧਾ/ਖੋਤਾ' ਸ਼ਬਦ ਤੋਂ ਪੈਦਾ ਹੋਇਆ ਮੰਨਿਆ ਜਾਂਦਾ ਹੈ, ਜਿਸ ਨੂੰ ਅੰਗਰੇਜ਼ੀ ਵਿਚ 'ਡੰਕੀ' ਕਿਹਾ ਜਾਂਦਾ ਹੈ। ਡੰਕੀ ਰੂਟ ਦਾ ਮਤਲਬ ਹੈ ਕਿ ਕਿਸੇ ਵਿਅਕਤੀ ਨੂੰ ਗੈਰਕਾਨੂੰਨੀ ਰਸਤੇ ਰਾਹੀਂ ਨੂੰ ਤੇ ਬਿਨਾਂ ਕਿਸੇ ਦਸਤਾਵੇਜ਼ ਆਦਿ ਦੇ ਅਮਰੀਕਾ




ਵਰਗੇ ਦੇਸ਼ਾਂ ਵਿੱਚ ਦਾਖਲ ਕਰਵਾਉਣਾ। ਇਸ ਮਕਸਦ ਲਈ ਬਹੁਤ ਹੀ ਖਤਰਨਾ ਤੇ ਜੋਖਮ ਭਰੇ ਰਸਤਿਆਂ ਅਤੇ ਢੰਗ-ਤਰੀਕਿਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਉਨ੍ਹਾਂ ਦੀ ਜੋਖਮ ਭਰੀ ਅਤੇ ਔਖੀ ਯਾਤਰਾ ਆਮ ਤੌਰ 'ਤੇ ਮਨੁੱਖੀ-ਤਸਕਰੀ ਸਿੰਡੀਕੇਟ ਰਾਹੀਂ ਪੂਰੀ ਕਰਵਾਈ ਜਾਂਦੀ ਹੈ।

ਐਨਆਈਏ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਗੋਲਡੀ ਨੂੰ ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਦੇ ਇੱਕ ਪੀੜਤ ਨੇ ਕਥਿਤ ਤੌਰ 'ਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਲਈ ਲਗਭਗ 45 ਲੱਖ ਰੁਪਏ ਦਾ ਭੁਗਤਾਨ ਕੀਤਾ ਸੀ। ਪੀੜਤ ਨੂੰ ਦਸੰਬਰ 2024 ਵਿੱਚ 'ਡੰਕੀ' ਰਸਤੇ ਅਮਰੀਕਾ ਭੇਜਿਆ ਗਿਆ ਸੀ।

ਉਸਨੂੰ ਅਮਰੀਕੀ ਅਧਿਕਾਰੀਆਂ ਨੇ 15 ਫਰਵਰੀ ਨੂੰ ਭਾਰਤ ਡਿਪੋਰਟ ਕਰ ਦਿੱਤਾ ਸੀ ਅਤੇ ਇਸ ਤੋਂ ਬਾਅਦ ਉਸ ਨੇ "ਏਜੰਟ" ਵਿਰੁੱਧ ਸ਼ਿਕਾਇਤ ਦਰਜ ਕਰਵਾਈ ਸੀ। ਇਹ ਮਾਮਲਾ ਅਸਲ ਵਿੱਚ ਪੰਜਾਬ ਪੁਲੀਸ ਵੱਲੋਂ ਦਰਜ ਕੀਤਾ ਗਿਆ ਸੀ ਅਤੇ ਬਾਅਦ ਵਿੱਚ, 13 ਮਾਰਚ ਨੂੰ NIA ਨੇ ਇਸਨੂੰ ਆਪਣੇ ਹੱਥ ਵਿੱਚ ਲੈ ਲਿਆ।

NIA ਜਾਂਚਾਂ ਤੋਂ ਪਤਾ ਲੱਗਿਆ ਹੈ ਕਿ ਗੋਲਡੀ, ਜਿਸ ਕੋਲ ਲੋਕਾਂ ਨੂੰ ਵਿਦੇਸ਼ ਭੇਜਣ ਲਈ ਕੋਈ ਲਾਇਸੈਂਸ ਜਾਂ ਕਾਨੂੰਨੀ ਪਰਮਿਟ ਜਾਂ ਰਜਿਸਟ੍ਰੇਸ਼ਨ ਨਹੀਂ ਸੀ, ਨੇ 'ਡੰਕੀ' ਰਸਤੇ ਦੀ ਵਰਤੋਂ ਕੀਤੀ ਸੀ ਅਤੇ ਪੀੜਤ ਨੂੰ ਸਪੇਨ, ਅਲ ਸਲਵਾਡੋਰ, ਗੁਆਟੇਮਾਲਾ ਅਤੇ ਮੈਕਸੀਕੋ ਆਦਿ ਰਾਹੀਂ ਅਮਰੀਕਾ ਭੇਜਿਆ ਸੀ।

NIA ਜਾਂਚਾਂ ਵਿੱਚ ਅੱਗੇ ਕਿਹਾ ਗਿਆ ਹੈ ਕਿ "ਗੋਲਡੀ ਦੇ ਸਹਿਯੋਗੀਆਂ ਨੇ ਪੀੜਤ ਨੂੰ ਕੁੱਟਿਆ-ਮਾਰਿਆ ਅਤੇ ਸ਼ੋਸ਼ਣ ਵੀ ਕੀਤਾ, ਇਸ ਤੋਂ ਇਲਾਵਾ ਉਹ ਜੋ ਡਾਲਰ ਲੈ ਕੇ ਜਾ ਰਿਹਾ ਸੀ, ਉਨ੍ਹਾਂ ਨੂੰ ਰਸਤੇ ਵਿਚ ਖੋਹ ਲਿਆ ਗਿਆ।"

ਲੋਕ ਸਭਾ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ, ਕੇਂਦਰੀ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ 28 ਮਾਰਚ ਨੂੰ ਕਿਹਾ ਸੀ, "ਜਨਵਰੀ 2025 ਤੋਂ ਹੁਣ ਤੱਕ, ਕੁੱਲ 636 ਭਾਰਤੀ ਨਾਗਰਿਕਾਂ ਨੂੰ ਅਮਰੀਕਾ ਤੋਂ ਭਾਰਤ ਡਿਪੋਰਟ ਕੀਤਾ ਗਿਆ ਹੈ।" -ਪੀਟੀਆਈ

# 1,50,000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਹੇਠ SHO ਤੇ ASI ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਹੁਸ਼ਿਆਰਪੁਰ ਜ਼ਿਲ੍ਹੇ ਦੇ ਥਾਣਾ ਬੁੱਲੋਵਾਲ ਵਿਖੇ ਤਾਇਨਾਤ ਥਾਣੇਦਾਰ (SHO) ਰਮਨ ਕੁਮਾਰ ਸਬ-ਇੰਸਪੈਕਟਰ (SI) ਅਤੇ ਉਸਦੇ ਮਾਤਹਿਤ ਸਹਾਇਕ ਸਬ-ਇੰਸਪੈਕਟਰ (ASI) ਗੁਰਦੀਪ ਸਿੰਘ ਨੂੰ 1,50,000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਅੱਜ ਇੱਥੇ ਇਹ ਖੁਲਾਸਾ ਕਰਦਿਆਂ ਦੱਸਿਆ ਕਿ ਇਹ ਗ੍ਰਿਫ਼ਤਾਰੀਆਂ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਅਸਲਪੁਰ



ਦੇ ਇੱਕ ਨਿਵਾਸੀ ਦੁਆਰਾ ਦਾਇਰ ਕੀਤੀ ਗਈ ਇੱਕ ਔਨਲਾਈਨ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਕੀਤੀਆਂ ਗਈਆਂ ਹਨ।

ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਉਕਤ ਥਾਣੇ ਵਿੱਚ ਉਸਦੇ ਭਤੀਜੇ ਵਿਰੁੱਧ ਐਨਡੀਪੀਐਸ ਕਾਨੂੰਨ ਤਹਿਤ ਐਫਆਈਆਰ ਦਰਜ ਕੀਤੀ ਗਈ ਸੀ ਅਤੇ ਉਕਤ ਪੁਲਿਸ ਮੁਲਾਜ਼ਮ ਉਸਦੇ ਪੁੱਤਰ ਨੂੰ ਐਨਡੀਪੀਐਸ ਕਾਨੂੰਨ ਦੀ ਧਾਰਾ 29 ਤਹਿਤ ਇਸ ਮੁਕੱਦਮੇ ਵਿੱਚ ਫਸਾਉਣ ਦੀ ਧਮਕੀ ਦੇ ਰਹੇ ਸਨ। ਸ਼ਿਕਾਇਤ ਅਨੁਸਾਰ, ਉਕਤ ਏਐਸਆਈ ਨੇ ਉਸਦੇ ਪੁੱਤਰ ਨੂੰ ਕੇਸ ਵਿੱਚੋਂ ਕੱਢਣ ਲਈ ਐਸਐਚਓ ਦੀ ਤਰਫੋਂ 1,50,000 ਰੁਪਏ ਦੀ ਰਿਸ਼ਵਤ ਮੰਗੀ ਸੀ ਪਰ ਸ਼ਿਕਾਇਤਕਰਤਾ ਵੱਲੋਂ ਮਿੰਨਤਾਂ ਕਰਨ ਤੋਂ ਬਾਅਦ ਰਿਸ਼ਵਤ ਦੀ ਇਹ ਰਕਮ ਘਟਾ ਕੇ 1 ਲੱਖ ਰੁਪਏ ਕਰ ਦਿੱਤੀ ਗਈ। ਸ਼ਿਕਾਇਤਕਰਤਾ ਨੇ ਰਿਸ਼ਵਤ ਦੀ ਮੰਗ ਕਰਦਿਆਂ ਉਕਤ ਦੋਵਾਂ ਪੁਲਿਸ ਮੁਲਾਜ਼ਮਾਂ ਵਿਚਕਾਰ ਹੋਈ ਗੱਲਬਾਤ ਰਿਕਾਰਡ ਕਰ ਲਈ ਅਤੇ ਆਡੀਓ ਸਬੂਤ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੇ।

ਬੁਲਾਰੇ ਨੇ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਹੁਸ਼ਿਆਰਪੁਰ ਯੂਨਿਟ ਵੱਲੋਂ ਸ਼ਿਕਾਇਤ ਦੀ ਜਾਂਚ ਕਰਨ ਅਤੇ ਕਾਨੂੰਨੀ ਸਲਾਹ ਲੈਣ ਤੋਂ ਬਾਅਦ ਉਕਤ ਦੋਵੇਂ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀ ਧਾਰਾ 7 ਅਤੇ 7ਏ, ਬੀਐਨਐਸ ਦੀ ਧਾਰਾ 61(2) ਅਤੇ ਐਨਡੀਪੀਐਸ ਕਾਨੂੰਨ ਦੀ ਧਾਰਾ 59 ਤਹਿਤ ਵਿਜੀਲੈਂਸ ਬਿਊਰੋ ਦੇ ਜਲੰਧਰ ਰੇਂਜ ਦੇ ਥਾਣੇ ਵਿੱਚ ਮੁਕੱਦਮਾ ਦਰਜ ਕੀਤਾ ਗਿਆ ਹੈ। ਹਰਪ੍ਰੀਤ ਸਿੰਘ ਮੰਡੇਰ, ਐਸਐਸਪੀ ਵਿਜੀਲੈਂਸ ਬਿਊਰੋ ਜਲੰਧਰ ਰੇਂਜ ਨੇ ਦੱਸਿਆ ਉਕਤ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਕੱਲ੍ਹ ਉਨ੍ਹਾਂ ਨੂੰ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਇਸ ਮੁਕੱਦਮੇ ਦੀ ਹੋਰ ਜਾਂਚ ਜਾਰੀ ਹੈ।

# ਬੈਂਕਾਂ 'ਚ ਪੈਸੇ ਰੱਖਣ ਵਾਲੇ ਸਾਵਧਾਨ! ਸਾਈਬਰ ਠੱਗਾਂ ਨਾਲ ਰਲੇ 31 ਮੈਨੇਜਰ ਤੇ ਕਲਰਕ ਗ੍ਰਿਫਤਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਬੈਂਕਾਂ 'ਤੇ ਭਰੋਸਾ ਕਰਕੇ ਪੈਸਾ ਰੱਖਣ ਵਾਲੇ ਹੋ ਜਾਣ ਸਾਵਧਾਨ! ਸਾਰੀ ਉਮਰ ਦੀ ਕਮਾਈ ਕਰਕੇ ਬੈਂਕਾਂ ਵਿੱਚ ਜਮਾਂ ਕਰਵਾ ਕੇ ਸੁਰੱਖਿਆ ਸਮਝਣ ਵਾਲੇ ਲੋਕ ਹੁਣ ਸਮਝ ਲੈਣ ਕੇ ਉਨ੍ਹਾਂ ਦੇ ਪੈਸੇ ਹੁਣ ਬੈਂਕਾਂ ਵਿੱਚ ਵੀ ਸੁਰੱਖਿਅਤ ਨਹੀਂ। ਡਿਜੀਟਲ ਅਰੈਸਟ, ਨੌਕਰੀ ਦਾ ਲਾਲਚ ਦੇ ਕੇ ਅੱਜ ਕੱਲ੍ਹ ਦੇ ਠੱਗ ਬੈਂਕਾਂ 'ਚ ਠੱਗੀਆਂ ਮਾਰ ਰਹੇ ਹਨ। ਪਰ ਜੇ ਕੁੱਤੀ ਹੀ ਚੋਰਾਂ ਨਾਲ ਰਲ ਜਾਵੇ ਤਾਂ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਕੌਣ ਕਰੇਗਾ।

ਅਜਿਹਾ ਹੀ ਵੱਡਾ ਸਕੈਂਡਲ ਸਾਹਮਣੇ ਆਇਆ ਹੈ ਕਿ ਕੁਝ ਬੈਂਕਾਂ ਦੇ ਮੈਨੇਜਰ ਤੇ ਕਲਰਕ ਸਾਈਬਰ ਠੱਗਾਂ ਨਾਲ ਰਲ ਕੇ ਲੋਕਾਂ ਦੇ ਪੈਸੇ ਕਢਵਾ ਰਹੇ ਹਨ ਅਤੇ ਲੋਕਾਂ ਨੂੰ ਪੈਸੇ ਨਿੱਕਲਣ 'ਤੇ ਪਤਾ ਵੀ ਨਹੀਂ ਲੱਗਦਾ। ਜਦੋਂ ਪਤਾ ਲਗਦਾ ਹੈ ਤਾਂ ਬੈਂਕ ਕਰਮਚਾਰੀ, ਜੋ ਠੱਗਾਂ ਨਾਲ ਰਲੇ ਹੋਏ ਹਨ, ਵੀ ਲੋਕਾਂ ਨੂੰ ਰਾਹ ਨਹੀਂ ਦੇ ਰਹੇ।

ਪਿਛਲੇ ਦਿਨੀਂ ਗੁਰੂਗ੍ਰਾਮ ਪੁਲਿਸ ਨੇ 31 ਬੈਂਕ ਮੈਨੇਜਰਾਂ ਤੇ ਕਲਰਕਾਂ ਨੂੰ ਗ੍ਰਿਫਤਾਰ ਕੀਤਾ ਹੈ ਜੋ ਲੋਕਾਂ ਦੇ ਖਾਤਿਆਂ ਦੀ ਜਾਣਕਾਰੀ ਸਾਈਬਰ ਠੱਗਾਂ ਨੂੰ ਦਿੰਦੇ ਸਨ। ਗੁਰੂਗ੍ਰਾਮ ਪੁਲਿਸ ਇਨ੍ਹਾਂ ਠੱਗਾਂ ਕਰਮਚਾਰੀਆਂ ਤੋਂ ਪੁੱਛਗਿੱਛ ਕਰ ਰਹੀ ਹੈ। ਪਿਛਲੇ ਦਿਨੀਂ ਐਨ ਡੀ ਟੀ ਵੀ ਨੇ ਵੀ ਇਹ ਖਬਰ ਪ੍ਰਮੁੱਖਤਾ ਨਾਲ ਦਿਖਾਈ ਸੀ। ਇਸ ਖਬਰ ਦੇ ਨਸ਼ਰ ਹੋਣ ਨਾਲ ਲੋਕਾਂ 'ਚ ਬੈਂਕਾਂ 'ਚ ਪੈਸੇ ਰੱਖਣ ਤੋਂ ਡਰ ਪੈਦਾ ਹੋ ਗਿਆ ਹੈ।

# ਕੋਟਕਪੂਰਾ ਅਤੇ ਫਰੀਦਕੋਟ ਵਿਖੇ ਧੂਮਧਾਮ ਨਾਲ ਮਨਾਈ ਗਈ ਈਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਅੱਜ ਈਦ ਦਾ ਪਵਿੱਤਰ ਦਿਨ ਫਰੀਦਕੋਟ ਜ਼ਿਲ੍ਹੇ ਵਿੱਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਕੋਟਕਪੂਰਾ ਅਤੇ ਫਰੀਦਕੋਟ ਵਿਖੇ ਮੁਸਲਿਮ ਭਾਈਚਾਰੇ ਵੱਲੋਂ ਵਿਸ਼ੇਸ਼ ਨਮਾਜ਼ ਅਦਾ ਕਰਕੇ ਦੁਆਵਾਂ ਮੰਗੀਆਂ ਗਈਆਂ।

ਕੋਟਕਪੂਰਾ ਵਿਖੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਪਹੁੰਚ ਕੇ ਮੁਸਲਿਮ ਭਾਈਚਾਰੇ ਨੂੰ ਈਦ ਦੀਆਂ ਮੁਬਾਰਕਬਾਦ



ਦਿੱਤੀਆਂ। ਇਸੇ ਤਰ੍ਹਾਂ, ਫਰੀਦਕੋਟ ਵਿਖੇ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਨੇ ਵੀ ਲੋਕਾਂ ਨੂੰ ਈਦ ਦੀ ਵਧਾਈ ਦਿੰਦਿਆਂ ਭਾਈਚਾਰੇ ਅਤੇ ਸ਼ਾਂਤੀ ਦਾ ਸੁਨੇਹਾ ਦਿੱਤਾ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਇਸ ਪਵਿੱਤਰ ਦਿਨ 'ਤੇ, ਸਮਾਜਿਕ ਏਕਤਾ ਅਤੇ ਸਾਂਝ ਨੂੰ ਹੋਰ ਮਜ਼ਬੂਤ ਕਰਨ ਦਾ ਵਚਨ ਦਿੰਦਿਆਂ ਕਿਹਾ ਕਿ ਇਹ ਤਿਉਹਾਰ ਸਾਨੂੰ ਇੱਕ-ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਨਾ ਸਿਖਾਉਂਦਾ ਹੈ।

ਉਨ੍ਹਾਂ ਕਿਹਾ ਕਿ ਈਦ ਪਿਆਰ, ਭਾਈਚਾਰੇ ਅਤੇ ਇਨਸਾਨੀਅਤ ਦਾ ਤਿਉਹਾਰ ਹੈ, ਜੋ ਸਮਾਜ ਵਿੱਚ ਏਕਤਾ ਦਾ ਸੰਦੇਸ਼ ਦਿੰਦਾ ਹੈ।

ਇਸ ਦੌਰਾਨ, ਲੋਕਾਂ ਨੇ ਇਕ ਦੂਜੇ ਨੂੰ ਗਲੇ ਮਿਲ ਕੇ ਈਦ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਮਿਠਾਈਆਂ ਵੰਡੀਆਂ। ਸ਼ਹਿਰ ਦੇ ਵਿਅਕਤੀਗਤ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਵੀ ਜ਼ਰੂਰਤਮੰਦਾਂ ਨੂੰ ਖਾਣ-ਪੀਣ ਦਾ ਸਮਾਨ ਵੰਡਿਆ ਗਿਆ।

ਇਸ ਮੌਕੇ 'ਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗਗਨਦੀਪ ਸਿੰਘ ਧਾਲੀਵਾਲ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਚਰਿੱਤਰ ਤੋਂ ਬਿਨਾਂ ਸਿੱਖਿਆ ਦਾ ਕੋਈ ਮਹੱਤਵ ਨਹੀਂ ਹੈ।

ਰਾਵਲੀ ਕੈਂਪ ਮਹਿਲਾ ਮੰਡਲ ਦੀ ਬੇਨਤੀ ਦਾ ਸਨਮਾਨ ਕਰਦੇ ਹੋਏ, ਡਾ. ਬਾਬਾ ਸਾਹਿਬ ਅੰਬੇਡਕਰ ਆਯੁਸ਼ਮਤੀ ਮਾਈਸਾਹਬ ਅੰਬੇਡਕਰ ਦੇ ਨਾਲ 3 ਜੂਨ, 1953 ਨੂੰ ਸ਼ਾਮ 7 ਵਜੇ ਪਹਿਲਾਂ ਤੋਂ ਤੈਅ ਪ੍ਰੋਗਰਾਮ ਅਨੁਸਾਰ ਰਾਵਲੀ ਕੈਂਪ ਪਹੁੰਚੇ।

ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਤੋਂ



ਪਹਿਲਾਂ, ਕਈ ਭੈਣਾਂ ਅਤੇ ਸੰਸਥਾਵਾਂ ਨੇ ਡਾ. ਬਾਬਾ ਸਾਹਿਬ ਅਤੇ ਆਯੁਸ਼ਮਤੀ ਮਾਈਸਾਹਬ ਅੰਬੇਡਕਰ ਨੂੰ ਮਾਲਾ ਪਾ ਕੇ ਸਨਮਾਨਿਤ ਕੀਤਾ।

ਇਸ ਮੌਕੇ 'ਤੇ ਡਾ. ਬਾਬਾ ਸਾਹਿਬ ਅੰਬੇਡਕਰ ਨੇ ਕਿਹਾ-ਭੈਣੋ ਅਤੇ ਭਰਾਵੋ,

ਇੱਥੋਂ ਦੀਆਂ ਮਹਿਲਾਵਾਂ ਨੇ ਅੱਜ ਬਿਲਡਿੰਗ ਫੰਡ ਵਿੱਚ 1001 ਰੁਪਏ ਲੈ ਕੇ ਜੋ ਰਕਮ ਦਿੱਤੀ ਹੈ, ਉਸ ਲਈ ਮੈਂ ਦਿਲੋਂ ਧੰਨਵਾਦ ਕਰਦਾ ਹਾਂ। ਮੈਂ ਪਹਿਲੀ ਵਾਰ ਇੱਥੇ ਆਇਆ ਹਾਂ। ਜਿਸ ਤਰ੍ਹਾਂ ਇਨ੍ਹਾਂ ਔਰਤਾਂ ਨੇ ਮਦਦ ਕੀਤੀ, ਉਸੇ ਤਰ੍ਹਾਂ ਇੱਕ ਸੁਸਾਇਟੀ ਵੀ ਬਿਲਡਿੰਗ ਫੰਡ ਵਿੱਚ ਮਦਦ ਕਰਨ ਜਾ ਰਹੀ ਹੈ। ਇਸ ਸੁਸਾਇਟੀ ਦਾ ਕੁਝ ਪੈਸਾ ਨਗਰ ਨਿਗਮ ਵਿੱਚ ਬਚਿਆ ਹੈ। ਉਹ ਇਮਾਰਤ ਫੰਡ ਵਿੱਚ ਇੰਨੀ ਹੀ ਰਕਮ ਦਾ ਯੋਗਦਾਨ ਪਾਉਣਗੇ। ਇਹ ਰਕਮ ਇਸ ਬੰਦੋਬਸਤ ਦੁਆਰਾ ਅੱਜ ਤੱਕ ਦਿੱਤੀਆਂ ਗਈਆਂ ਸਾਰੀਆਂ ਰਕਮਾਂ ਤੋਂ ਵੱਧ ਹੈ। ਇੱਕ ਵਾਰ ਫਿਰ ਮੈਨੂੰ ਇਸ ਬਸਤੀ ਨੂੰ ਲੈਣ ਲਈ ਆਉਣਾ ਹੈ ਅਤੇ ਮੈਂ ਜ਼ਰੂਰ ਆਵਾਂਗਾ।

ਹੁਣ ਮੈਂ ਤੁਹਾਨੂੰ ਇੱਕ ਮਹੱਤਵਪੂਰਨ ਗੱਲ ਦੱਸਣ ਜਾ ਰਿਹਾ ਹਾਂ। ਅਗਲੇ ਦਿਨ, 27 ਮਈ, 1953 ਨੂੰ ਅਸੀਂ ਬੁੱਧ ਜਯੰਤੀ ਬਹੁਤ ਧੂਮਧਾਮ ਨਾਲ ਮਨਾਈ। ਮੈਨੂੰ ਲੱਗਦਾ ਹੈ ਕਿ ਅਸੀਂ ਬਹੁਤ ਵਧੀਆ ਕੀਤਾ। ਪਰ ਕੁੱਝ ਅਖ਼ਬਾਰਾਂ ਦਾ ਇਸ ਬਾਰੇ ਵੱਖਰਾ ਨਜ਼ਰੀਆ ਹੈ। 30, 000 ਲੋਕਾਂ ਦੀ ਹਾਜ਼ਰੀ ਵਾਲੇ ਇੱਕ ਪ੍ਰੋਗਰਾਮ ਵਿੱਚ, ਇਨ੍ਹਾਂ ਅੱਖਾਂ ਉੱਤੇ ਪੱਟੀ ਬੰਨ੍ਹੇ ਅਖ਼ਬਾਰਾਂ ਨੇ ਸਿਰਫ 3,000 ਦੀ ਹਾਜ਼ਰੀ ਦੀ ਰਿਪੋਰਟ ਕੀਤੀ। ਕੁਝ ਅਖ਼ਬਾਰਾਂ ਨੇ ਆਪਣੇ ਅਖ਼ਬਾਰਾਂ ਵਿੱਚ ਬੁੱਧ ਜਯੰਤੀ ਦੀਆਂ ਖ਼ਬਰਾਂ ਨੂੰ ਵੀ ਜਗ੍ਹਾ ਨਹੀਂ ਦਿੱਤੀ। ਉਹ ਹਮੇਸ਼ਾ ਅਜਿਹਾ ਕਰਦੇ ਹਨ। ਡਾ. ਅੰਬੇਡਕਰ ਦੇ ਕੰਮ ਨੂੰ ਕਹਿੰਦੇ ਹੋਏ, ਕਿਸੇ ਨੂੰ ਵੀ ਇਸ ਨੂੰ ਪ੍ਰਕਾਸ਼ਿਤ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ ਅਤੇ ਭਾਵੇਂ ਇਹ ਪ੍ਰਕਾਸ਼ਿਤ ਹੋਵੇ, ਉਹ ਇਸ ਨੂੰ ਸੈਕੰਡਰੀ ਜਾਂ ਪ੍ਰਚਾਰ ਵਜੋਂ ਪ੍ਰਕਾਸ਼ਿਤ ਕਰਦੇ ਹਨ। ਮੈਂ ਬੁੱਧ ਜਯੰਤੀ ਬਾਰੇ ਅਖ਼ਬਾਰਾਂ ਵਿੱਚ ਛਪੀ ਆਲੋਚਨਾ ਦਾ ਢੁੱਕਵਾਂ ਅਤੇ ਵਿਸਤ੍ਰਿਤ ਜਵਾਬ ਦੇਣ ਜਾ ਰਿਹਾ ਹਾਂ। ਅਖ਼ਬਾਰ ਵਿੱਚ ਹੋ ਰਹੀ ਆਲੋਚਨਾ ਦਾ ਤੁਹਾਡੇ ਉੱਤੇ ਅਸਰ ਨਾ ਪੈਣ ਦਿਓ। ਪਹਿਲਾਂ ਇਹ ਸਮਝੋ ਕਿ ਮੈਂ ਤੁਹਾਨੂੰ ਕੀ ਦੱਸ ਰਿਹਾ ਹਾਂ ਅਤੇ ਫਿਰ ਫੈਸਲਾ ਕਰੋ ਕਿ ਇਸ 'ਤੇ ਵਿਸ਼ਵਾਸ ਕਰਨਾ ਹੈ ਜਾਂ ਨਹੀਂ।

ਅਖ਼ਬਾਰਾਂ ਵਿੱਚ ਹਮੇਸ਼ਾ ਇੱਕ ਰੌਲਾ ਹੁੰਦਾ ਹੈ-"ਤੁਸੀਂ ਜੋ ਵੀ ਕਰੋ, ਛੂਆਛੂਤ ਖ਼ਤਮ ਨਹੀਂ ਹੋਣ ਵਾਲੀ। ਭਾਵੇਂ ਇਹ ਧਰਮ ਦੇ ਕਾਰਨ ਹੋਵੇ ਜਾਂ ਰਾਜਨੀਤੀ ਦੇ ਕਾਰਨ, ਛੂਆਛੂਤ ਜਾਣ ਵਾਲੀ ਨਹੀਂ ਹੈ।

ਜੇਕਰ ਅਜਿਹੇ ਲੋਕ ਮੇਰੇ ਨਾਲ ਗੱਲ ਕਰਨਾ ਚਾਹੁੰਦੇ ਹਨ ਤਾਂ ਮੈਂ ਇਸ ਲਈ ਤਿਆਰ ਹਾਂ। ਪਰ ਮੈਨੂੰ ਲੱਗਦਾ ਹੈ ਕਿ ਇਹ ਲੋਕ ਜਨਮ ਤੋਂ ਅੰਨ੍ਹੇ ਹਨ। ਉਨ੍ਹਾਂ ਨੂੰ ਇਤਿਹਾਸ ਦਾ ਪਤਾ ਨਹੀਂ ਹੈ। ਅੱਜ ਤੱਕ, ਦੁਨੀਆ ਵਿੱਚ ਜੋ ਵੀ ਤਬਦੀਲੀਆਂ ਆਈਆਂ ਹਨ, ਉਹ ਉਨ੍ਹਾਂ ਨੂੰ ਪਤਾ ਨਹੀਂ ਹਨ। ਇਸ ਲਈ ਉਹ ਅਜਿਹੀਆਂ ਮੂਰਖਤਾਪੂਰਨ ਟਿੱਪਣੀਆਂ ਕਰਦੇ ਹਨ।

ਅੱਜ ਇੱਥੇ ਬੈਠੇ ਪੁਰਸ਼ਾਂ ਅਤੇ ਔਰਤਾਂ ਦੀ ਵੱਡੀ ਭੀੜ ਹੀ ਦੱਸ ਸਕਦੀ ਹੈ ਕਿ ਪਿਛਲੀ ਵਾਰ ਕੀ ਸਥਿਤੀ ਸੀ ਅਤੇ ਅੱਜ ਕੀ ਸਥਿਤੀ ਹੈ। ਇਸ ਵੱਲ ਧਿਆਨ ਨਾ ਦਿਓ ਕਿ ਲੋਕ ਕੀ ਕਹਿ ਰਹੇ ਹਨ। ਉਹ ਜੋ ਵੀ ਲਿਖਦੇ ਹਨ, ਉਹ ਤੁਹਾਡੇ ਵਿੱਚ ਗ਼ਲਤਫ਼ਹਿਮੀ ਫੈਲਾਉਣ ਲਈ ਲਿਖਦੇ ਹਨ। ਸਾਰੇ ਅਖ਼ਬਾਰ ਮੇਰੀ ਆਲੋਚਨਾ ਕਰਦੇ ਹਨ। ਮੈਨੂੰ ਉਸ ਦੀ ਕੋਈ ਪਰਵਾਹ ਨਹੀਂ। ਉਨ੍ਹਾਂ ਦੀ ਆਲੋਚਨਾ ਮੇਰੇ ਸਨਮਾਨ ਨੂੰ ਘੱਟ ਨਹੀਂ ਕਰੇਗੀ। ਹਰ ਸਾਲ ਮੈਂ ਦੇਖਦਾ ਹਾਂ ਕਿ ਮੇਰਾ ਸਨਮਾਨ ਵਧ ਰਿਹਾ ਹੈ।

ਨਾਸਿਕ ਸੱਤਿਆਗ੍ਰਹਿ ਦਾ ਮਾਮਲਾ ਹੀ ਲੈ ਲਓ। ਹੁਣ ਮੈਂ ਤੁਹਾਨੂੰ ਸੱਚ ਦੱਸਣ ਤੋਂ ਨਹੀਂ ਡਰਦਾ। ਭੌਰਾਓ ਗਾਇਕਵਾੜ ਸਮੇਤ ਸਿਰਫ਼ ਪੰਜ-ਛੇ ਲੋਕ ਮੇਰੀ ਮਦਦ ਕਰਨ ਲਈ ਮੇਰੇ ਨਾਲ ਸਨ। ਸਾਡੀ 12 ਵਜੇ ਮੀਟਿੰਗ ਹੋਈ ਸੀ। ਸਾਨੂੰ ਦੇਖਣਾ ਸੀ ਕਿ ਸੱਤਿਆਗ੍ਰਹਿ ਲਈ ਕਿੰਨੇ ਲੋਕ ਆਪਣਾ ਨਾਮ ਦਿੰਦੇ ਹਨ। ਉਦੋਂ ਜੋ ਅਸੀਂ ਦੇਖਿਆ, ਸਵੇਰ ਤੱਕ ਸਾਨੂੰ ਸੱਤਿਆਗ੍ਰਹਿ ਲਈ ਇੱਕ ਵੀ ਆਦਮੀ ਨਹੀਂ ਮਿਲਿਆ। ਲੋਕਾਂ ਦੇ ਮਨਾਂ ਵਿੱਚ ਡਰ ਸੀ ਕਿ ਜੇ ਉਹ ਸੱਤਿਆਗ੍ਰਹਿ ਕਰਨਗੇ ਤਾਂ ਕੀ ਹੋਵੇਗਾ? ਸਵੇਰੇ ਅਸੀਂ ਫੈਸਲਾ ਕੀਤਾ ਕਿ ਅਸੀਂ ਇੱਕ ਜਲੂਸ ਕੱਢਾਂਗੇ। ਸੰਜੋਗ ਨਾਲ ਜਾਂ ਬਦਕਿਸਮਤੀ ਨਾਲ, ਹੋਰ ਲੋਕਾਂ ਨੇ ਜਲੂਸ ਵਿੱਚ ਸ਼ਾਮਲ ਲੋਕਾਂ ਉੱਤੇ ਪੱਥਰ ਸੁੱਟੇ। ਇਸ ਲਈ ਪਹਿਲਾਂ ਸਾਨੂੰ ਦਸ-ਪੰਦਰਾਂ ਸੱਤਿਆਗ੍ਰਹਿ ਮਿਲੇ ਸਨ। ਬਾਅਦ ਵਿੱਚ ਲੋਕਾਂ ਨੂੰ ਅਹਿਸਾਸ ਹੋਇਆ ਕਿ ਸੱਤਿਆਗ੍ਰਹਿ ਕਰਨ ਵਿੱਚ ਸਵੈ-ਮਾਣ ਹੈ। ਜਿਵੇਂ ਹੀ ਇਹ ਸਮਝ ਵਿੱਚ ਆਇਆ, ਸੱਤਿਆਗ੍ਰਹਿ ਨੂੰ ਲੱਭਣ ਵਿੱਚ ਕੋਈ ਮੁਸ਼ਕਲ ਨਹੀਂ ਆਈ। ਬਾਅਦ ਵਿੱਚ ਅਸੀਂ ਇੱਕ-ਦੋ ਨਹੀਂ ਬਲਕਿ ਚਾਰ-ਪੰਜ ਸਾਲ ਸੱਤਿਆਗ੍ਰਹਿ ਚਲਾ ਸਕੇ। ਜੇ ਮੈਂ ਪੁਰਾਣੀਆਂ ਚੀਜ਼ਾਂ ਬਾਰੇ ਸੋਚਦਾ ਹਾਂ, ਤਾਂ ਮੈਂ ਕਹਿਣਾ ਚਾਹਾਂਗਾ ਕਿ ਹੁਣ ਬਹੁਤ ਸੁਧਾਰ ਹੋਇਆ ਹੈ।

ਸਿੱਖਿਆ ਦਾ ਮਾਮਲਾ ਹੀ ਲੈ ਲਓ। ਅਧਿਆਪਕਾਂ ਦੀਆਂ ਇਹ ਸੋਚਣ ਲਈ ਤਿੰਨ ਦਿਨਾਂ ਲਈ ਮੀਟਿੰਗਾਂ ਹੁੰਦੀਆਂ ਸਨ ਕਿ ਮੈਨੂੰ ਸਕੂਲ ਲੈ ਕੇ ਜਾਣਾ ਹੈ ਜਾਂ ਨਹੀਂ। ਫਿਰ ਮੈਨੂੰ ਸਰਕਾਰ ਤੋਂ 3 ਰੁਪਏ ਦੀ ਸਕਾਲਰਸ਼ਿਪ ਮਿਲਦੀ ਸੀ। ਜੇ ਇਸ ਮੁੰਡੇ ਨੂੰ ਸਕੂਲ ਨਹੀਂ ਲਿਜਾਇਆ ਗਿਆ, ਤਾਂ ਸਰਕਾਰ ਤੋਂ ਗੁੱਸੇ ਹੋਣ ਦਾ ਡਰ ਹੈ, ਇਹ ਸੋਚ ਕੇ ਕਿ ਆਖਰਕਾਰ ਮੈਨੂੰ ਹਾਈ ਸਕੂਲ ਵਿੱਚ ਦਾਖਲਾ ਦੇਣ ਦਾ ਫੈਸਲਾ ਕੀਤਾ ਗਿਆ ਹੈ। ਉਹ ਉਦੋਂ ਪਿੰਡ ਦਾ ਮੁੰਡਾ ਸੀ। ਮੈਂ ਇਸ ਵਿੱਚ ਬ੍ਰਾਹਮਣਾਂ ਵਰਗੇ ਜੁੱਤੇ ਪਹਿਨਦਾ ਸੀ। ਪਹਿਲੇ ਦਿਨ ਜਦੋਂ ਮੈਂ ਹਾਈ ਸਕੂਲ ਗਿਆ, ਮੈਂ ਆਪਣੇ 40 ਸਾਲਾ ਭਰਾ ਦੀ ਕਮੀਜ਼ ਪਾਈ। ਮੇਰੇ ਬੱਚੇ ਨੇ ਆਪਣੇ ਪੈਰਾਂ ਤੱਕ ਕਮੀਜ਼ ਪਾਈ ਹੋਈ ਸੀ। ਉਦੋਂ ਬਹੁਤ ਸਾਰੇ ਬੱਚੇ ਐਲਫਿਨਸਟੋਨ ਵਿਖੇ ਪੜ੍ਹ ਰਹੇ ਸਨ। ਮੈਂ ਭਾਈਚਾਰੇ ਵਿੱਚ ਇਕਲੌਤੀ ਬੱਚੀ ਸੀ। ਅੱਜ ਸਿਧਾਰਥ ਕਾਲਜ ਦੇਖੋ। ਸਾਡੇ ਬੱਚਿਆਂ ਦੇ ਕੱਪੜੇ ਦੂਜਿਆਂ ਨਾਲੋਂ ਬਿਹਤਰ ਹੁੰਦੇ ਹਨ। ਪਹਿਲੇ ਸਾਲ ਵਿੱਚ ਸਿਧਾਰਥ ਕਾਲਜ ਵਿੱਚ ਸਿਰਫ਼ 15-20 ਅਛੂਤ ਬੱਚੇ ਸਨ। ਅੱਜ ਸਿਧਾਰਥ ਕਾਲਜ ਵਿੱਚ 300 ਅਛੂਤ ਬੱਚੇ ਪੜ੍ਹ ਰਹੇ ਹਨ।

ਇੱਕ ਹੋਰ ਮੁੱਦਾ ਧਰਮ ਹੈ। ਇੱਕ ਵਿਅਕਤੀ ਨੂੰ ਹਮੇਸ਼ਾ ਸੁਆਰਥੀ ਨਹੀਂ ਹੋਣਾ ਚਾਹੀਦਾ, ਉਸ ਨੂੰ ਥੋੜ੍ਹਾ ਜਿਹਾ ਦਾਨ ਵੀ ਕਰਨਾ ਚਾਹੀਦਾ ਹੈ। ਇਸ ਲਈ ਸਾਨੂੰ ਧਰਮ ਦੀ ਜ਼ਰੂਰਤ ਹੈ। ਮੈਂ ਇਹ ਤੁਹਾਡੇ ਸਾਰਿਆਂ ਲਈ ਕਰ ਰਿਹਾ ਹਾਂ। ਇਹ ਮੈਂ ਧਰਮ ਤੋਂ ਸਿੱਖਿਆ ਹੈ। ਇਹ ਨਾ ਸੋਚੋ ਕਿ ਸਭ ਕੁਝ ਹੋ ਗਿਆ ਹੈ. ਛਾਤੀ ਦਾ ਦੁੱਧ ਚੁੰਘਾਉਣਾ ਕੋਈ ਵੱਡੀ ਗੱਲ ਨਹੀਂ ਹੈ, ਵੇਸਵਾਵਾਂ ਵੀ ਆਪਣੇ ਆਪ ਨੂੰ ਖੁਆਉਂਦੀਆਂ ਹਨ। ਕਬੀਰ ਨੇ ਕਿਹਾ ਹੈ, 'ਕਬੀਰ ਕਹੇ ਕੁਛ ਊਧਮ ਕੀਜੇ। ਤੁਸੀਂ ਖਾਂਦੇ ਹੋ ਅਤੇ ਦੂਜਿਆਂ ਨੂੰ ਦਿੰਦੇ ਹੋ। "ਜੋ ਉਹ ਕਹਿੰਦੇ ਹਨ ਉਹ ਕਰੋ, ਆਪਣਾ ਭੋਜਨ ਖਾਓ ਅਤੇ ਦੂਜਿਆਂ ਨੂੰ ਖੁਆਓ। ਸੁਆਰਥੀ ਅਤੇ ਸੁਆਰਥੀ ਦੋਵੇਂ ਬਣੋ। ਪਹਿਲਾਂ ਘਰ ਦੀ ਸੰਭਾਲ ਕਰੋ, ਫਿਰ ਸਮਾਜਿਕ ਕਾਰਜਾਂ ਵਿੱਚ ਯੋਗਦਾਨ ਪਾਓ। ਆਪਣੇ ਘਰ ਨੂੰ ਤਬਾਹ ਕਰਕੇ ਸਮਾਜਿਕ ਯੋਗਦਾਨ ਨਾ ਦਿਓ।

ਲੋਹਿਤ ਨਾਮ ਦੇ ਇੱਕ ਬ੍ਰਾਹਮਣ ਨੇ ਬੁੱਧ ਨੂੰ ਦੋ ਸਵਾਲ ਪੁੱਛੇ। ਪਹਿਲਾ ਸਵਾਲ ਇਹ ਸੀ ਕਿ ਵਿਦਿਆ ਨੂੰ ਸਿਰਫ਼ ਤਿੰਨ ਵਰਗਾਂ- ਬ੍ਰਾਹਮਣ, ਖੱਤਰੀ ਅਤੇ ਵੈਸ਼ਯ ਨੂੰ ਪੜ੍ਹਾਇਆ ਜਾਣਾ ਚਾਹੀਦਾ ਹੈ। ਚੌਥੀ ਜਮਾਤ ਯਾਨੀ ਸ਼ੂਦਰ ਨੂੰ ਸਿੱਖਿਆ ਨਹੀਂ ਦਿੱਤੀ ਜਾਣੀ ਚਾਹੀਦੀ। ਤੁਸੀਂ ਇਸ ਤੱਤ ਨੂੰ ਸਵੀਕਾਰ ਕਿਉਂ ਨਹੀਂ ਕਰਦੇ?

ਬੁੱਧ ਨੇ ਕਿਹਾ ਕਿ ਕਾਰੋਬਾਰ ਦੇ ਨਜ਼ਰੀਏ ਤੋਂ ਚਾਰ ਵਰਗਾਂ ਦਾ ਨਿਰਮਾਣ ਕੀਤਾ ਗਿਆ ਹੈ। ਗਿਆਨ ਰੁਜ਼ਗਾਰ ਦਾ ਸਵਾਲ ਨਹੀਂ ਹੈ। ਗਿਆਨ ਜੀਵਨ ਲਈ ਜ਼ਰੂਰੀ ਹੈ। ਗਿਆਨ ਦੀ ਘਾਟ ਬਹੁਤ ਨੁਕਸਾਨ ਪਹੁੰਚਾਉਂਦੀ ਹੈ। ਇੱਕ ਉਦਾਹਰਣ ਦੇਣ ਲਈ, ਨਾਸਿਕ ਦੇ ਇੱਕ ਕਿਸਾਨ ਕੋਲ ਜ਼ਮੀਨ ਦੇ ਕਾਗਜ਼ ਸਨ। ਸਭ ਕੁਝ ਠੀਕ-ਠਾਕ ਸੀ। ਉਸ ਨੂੰ ਅਸਲ ਵਿੱਚ ਕੇਸ ਜਿੱਤਣਾ ਚਾਹੀਦਾ ਸੀ। ਪਰ ਫੈਸਲਾ ਉਸ ਦੇ ਵਿਰੁੱਧ ਗਿਆ ਕਿਉਂਕਿ ਉਸ ਨੂੰ ਵਕੀਲ ਦੁਆਰਾ ਧਮਕੀ ਦਿੱਤੀ ਗਈ ਸੀ। ਅਜਿਹਾ ਕਿਸਾਨਾਂ ਦੀ ਅਣਗਹਿਲੀ ਕਾਰਨ ਹੋਇਆ ਹੈ। ਭਾਰਤ ਵਿੱਚ ਇਸ ਦੇ ਦੋ ਮੁੱਖ ਕਾਰਨ ਹਨ। ਪਹਿਲਾ ਕਾਰਨ-ਹਰ ਕਿਸੇ ਨੂੰ ਹਥਿਆਰ ਰੱਖਣ ਦੀ ਆਗਿਆ ਨਹੀਂ ਸੀ। ਇੱਕ ਹੋਰ ਕਾਰਨ ਅਣਗਹਿਲੀ ਸੀ। ਮੈਂ ਆਪਣੇ ਪੁਰਖਿਆਂ ਨੂੰ ਬੁਰੀ ਤਰ੍ਹਾਂ ਗਾਲ੍ਹਾਂ ਕੱਢਦਾ ਹਾਂ ਕਿ ਉਨ੍ਹਾਂ ਨੇ ਉਨ੍ਹਾਂ ਉੱਤੇ ਹੋ ਰਹੇ ਅੱਤਿਆਚਾਰ ਦਾ ਵਿਰੋਧ ਕਿਉਂ ਨਹੀਂ ਕੀਤਾ? ਪਰ ਇਹ ਉਪਰੋਕਤ ਕਾਰਨਾਂ ਕਰਕੇ ਸੀ।

'ਤਵੀਚਾ ਜੈ ਬੁਰਸਾ, ਮਗ ਤੋ ਸਹਜਚ ਹੋਏ ਅਰਸਾ' (ਜਦੋਂ ਪੈਨ ਦੀ ਗੰਦਗੀ ਨੂੰ ਹਟਾ ਦਿੱਤਾ ਜਾਂਦਾ ਹੈ, ਤਾਂ ਇਹ ਸ਼ੀਸ਼ਾ ਬਣ ਜਾਂਦਾ ਹੈ। ਇਸ ਨਿਆਂ ਦੇ ਅਨੁਸਾਰ, ਹੁਣ ਸਾਨੂੰ ਆਪਣੀਆਂ ਕਮੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਭਾਵੇਂ ਕੋਈ ਹੋਰ ਮਦਦ ਨਾ ਵੀ ਕਰੇ, ਸਾਨੂੰ ਆਪਣੇ ਆਪ ਨੂੰ ਸੁਧਾਰਨਾ ਪਵੇਗਾ। ਅਤੇ ਜੇ ਅਸੀਂ ਇਸ ਤਰੀਕੇ ਨਾਲ ਸੁਧਾਰ ਕਰਦੇ ਹਾਂ, ਤਾਂ ਦੂਜਿਆਂ ਨੂੰ ਸਾਨੂੰ ਬੁਰੀਆਂ ਗੱਲਾਂ ਕਹਿਣ ਦਾ ਮੌਕਾ ਨਹੀਂ ਮਿਲੇਗਾ। ਸਾਨੂੰ ਆਪਣੇ ਨਾਲ ਜੁੜੇ ਕਲੰਕ ਨੂੰ ਦੂਰ ਕਰਨਾ ਹੋਵੇਗਾ। ਮੰਨ ਲਓ ਕਿ ਸਾਡੇ ਲੋਕਾਂ ਨੇ ਪੜ੍ਹਿਆ ਅਤੇ ਲਿਖਿਆ ਹੈ। ਜੇ ਉਹ ਇੱਕ ਅਧਿਕਾਰੀ ਬਣ ਜਾਂਦਾ ਹੈ, ਤਾਂ ਦੂਜਿਆਂ ਨੂੰ ਉਸ ਦੇ ਅਧੀਨ ਕੰਮ ਕਰਨਾ ਪਵੇਗਾ। ਜੇ ਉਨ੍ਹਾਂ ਦੀ ਸਥਿਤੀ ਅਤੇ ਸਾਡੀ ਸਥਿਤੀ ਇੱਕੋ ਜਿਹੀ ਹੈ, ਤਾਂ ਉਹ ਸਾਨੂੰ ਨੀਵਾਂ

"ਇਕੁਐਲਿਟੀ ਐਂਡ ਜਸਟਿਸ"
"Equality and Justice" ਸ੍ਵਤੰਤ੍ਰਤਾ, ਸਮਾਨਤਾ, ਭਾਈਚਾਰਾ
Rs- 100/month

ਨਹੀਂ ਵੇਖਣਗੇ।

ਹਰੇਕ ਦਾ ਮਨ ਅਤੇ ਸਰੀਰ ਸ਼ੁੱਧ ਹੋਣਾ ਚਾਹੀਦਾ ਹੈ। ਕੌਣ ਕਿਸੇ ਵਿਅਕਤੀ ਨੂੰ ਇਸ ਤਰ੍ਹਾਂ ਸ਼ੁੱਧ ਅਸ਼ੁੱਧ ਕਹਿ ਸਕਦਾ ਹੈ? ਜੇ ਤੁਹਾਡੇ ਕੱਪੜੇ ਉਨ੍ਹਾਂ ਨਾਲੋਂ ਬਿਹਤਰ ਹਨ, ਤਾਂ ਉਹ ਤੁਹਾਨੂੰ ਘੱਟ ਕਿਉਂ ਸਮਝਣਗੇ? ਹੁਣ ਸਾਨੂੰ ਆਪਣੇ ਆਪ ਨੂੰ ਸੁਧਾਰਨ ਦੀ ਕੋਸ਼ਿਸ਼ ਕਰਨੀ ਪਵੇਗੀ।

ਅਸੀਂ ਧਰਮ ਲਈ ਸੱਤਿਆਗ੍ਰਹਿ ਕੀਤਾ। ਇੱਕ ਪਰਿਵਰਤਨ ਦਾ ਪ੍ਰਸਤਾਵ. ਹੁਣ ਜੋ ਕੁਝ ਵੀ ਕੀਤਾ ਜਾਂਦਾ ਹੈ, ਸਾਨੂੰ ਆਪਣੇ ਮਨ ਨੂੰ ਸ਼ੁੱਧ ਕਰਨਾ ਹੁੰਦਾ ਹੈ। ਸਾਨੂੰ ਗੁਣਾਂ ਵੱਲ ਝੁਕਾਅ ਰੱਖਣਾ ਚਾਹੀਦਾ ਹੈ। ਸਾਨੂੰ ਧਾਰਮਿਕ ਹੋਣਾ ਚਾਹੀਦਾ ਹੈ। ਜਦੋਂ ਅਸੀਂ ਪੜ੍ਹਦੇ ਹਾਂ, ਤਾਂ ਅਸੀਂ ਸਭ ਕੁਝ ਨਹੀਂ ਜਾਣਦੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖਿਆ ਮਹੱਤਵਪੂਰਨ ਹੈ। ਸਿੱਖਿਆ ਦੇ ਨਾਲ-ਨਾਲ ਚਰਿੱਤਰ ਵੀ ਹੋਣਾ ਚਾਹੀਦਾ ਹੈ। ਚਰਿੱਤਰ ਤੋਂ ਬਿਨਾਂ ਸਿੱਖਿਆ ਦਾ ਮੁੱਲ ਸਿਰਫ਼ ਜ਼ੀਰੋ ਹੈ। ਗਿਆਨ ਤਲਵਾਰ ਵਰਗਾ ਹੁੰਦਾ ਹੈ। ਮੰਨ ਲਓ ਕਿ ਕਿਸੇ ਦੇ ਹੱਥ ਵਿੱਚ ਤਲਵਾਰ ਹੈ, ਇਸ ਨੂੰ ਚੰਗੇ ਜਾਂ ਮਾੜੇ ਲਈ ਵਰਤਣਾ ਉਸ ਵਿਅਕਤੀ ਦੇ ਚਰਿੱਤਰ ਉੱਤੇ ਨਿਰਭਰ ਕਰੇਗਾ। ਉਸ ਤਲਵਾਰ ਦੀ ਮਦਦ ਨਾਲ ਉਹ ਕਿਸੇ ਨੂੰ ਮਾਰ ਸਕਦਾ ਹੈ ਜਾਂ ਕਿਸੇ ਦਾ ਬਚਾਅ ਵੀ ਕਰ ਸਕਦਾ ਹੈ। ਗਿਆਨ ਦਾ ਵੀ ਇਹੋ ਹਾਲ ਹੈ। ਚੰਗੇ ਚਰਿੱਤਰ ਵਾਲਾ ਪੜ੍ਹਿਆ -ਲਿਖਿਆ ਵਿਅਕਤੀ ਆਪਣੇ ਗਿਆਨ ਦੀ ਵਰਤੋਂ ਦੂਜਿਆਂ ਦੀ ਭਲਾਈ ਲਈ ਕਰੇਗਾ, ਪਰ ਜੇ ਉਸ ਦਾ ਚਰਿੱਤਰ ਚੰਗਾ ਨਹੀਂ ਹੈ, ਤਾਂ ਉਹ ਆਪਣੇ ਗਿਆਨ ਦੀ ਵਰਤੋਂ ਕਿਸੇ ਨੂੰ ਬੁਰਾ ਕਰਨ ਲਈ ਵੀ ਕਰ ਸਕਦਾ ਹੈ। ਚਰਿੱਤਰ ਧਰਮ ਦਾ ਇੱਕ ਬਹੁਤ ਮਹੱਤਵਪੂਰਨ ਹਿੱਸਾ ਹੈ।

ਪੜ੍ਹੇ-ਲਿਖੇ ਲੋਕਾਂ ਲਈ ਸਿਰਫ਼ ਪੂਰਕ ਬਣਨਾ ਹੀ ਕਾਫ਼ੀ ਨਹੀਂ ਹੈ। ਜਿਹੜੇ ਆਪਣੇ ਸਵੈ-ਹਿੱਤ ਤੋਂ ਪਰੇ ਨਹੀਂ ਦੇਖ ਸਕਦੇ, ਦਾਨ ਨਹੀਂ ਕਰ ਸਕਦੇ, ਸਿੱਖਿਅਤ ਹੋਣ ਦਾ ਕੀ ਫਾਇਦਾ ਹੈ? ਸਿੱਖਿਆ ਦੀ ਵਰਤੋਂ ਗਿਆਨ ਦੇ ਕਾਰਨ ਤੁਹਾਨੂੰ ਬੁਰਾ ਲੱਗਣ ਲੱਗਦਾ ਹੈ। ਇਸ ਲਈ ਤੁਹਾਨੂੰ ਬੁੱਧੀਮਾਨ ਹੋਣਾ ਚਾਹੀਦਾ ਹੈ।

ਮੈਂ ਜਯੋਤੀਬਾ ਫੂਲੇ ਨੂੰ ਆਪਣਾ ਗੁਰੂ ਮੰਨਦਾ ਹਾਂ। ਉਨ੍ਹਾਂ ਦਾ ਜਨਮ ਇੱਕ ਮਾਲੀ ਪਰਿਵਾਰ ਵਿੱਚ ਹੋਇਆ ਸੀ। ਉਸ ਦੇ ਬਹੁਤ ਸਾਰੇ ਵਿਦਿਆਰਥੀ ਮਰਾਠਾ ਸਨ। ਪਰ ਅੱਜ ਬਹੁਤ ਅਜੀਬ ਹਾਲਾਤ ਹਨ। ਅੱਜ ਕੋਈ ਵੀ (ਮਰਾਠਾ, ਕੁਰਮੀ, ਮਾਲੀ, ਤੇਲੀ, ਨਈ ਅਤੇ ਹੋਰ ਜਾਤੀਆਂ) ਜਯੋਤੀਬਾ ਦਾ ਨਾਮ ਨਹੀਂ ਲੈਂਦਾ। ਅੱਜ, ਮਾਂਗ, ਚਮਾਰ ਲੋਕ ਸਿਰਫ ਜੂੱਠਨ ਦਾ ਅਧਿਕਾਰੀ ਬਣ ਗਏ ਹਨ। ਕੇਵਲ ਅਸੀਂ ਹੀ ਤਰੱਕੀ ਦੇ ਅਸਲ ਮਾਲਕ ਹਾਂ। ਅੱਜ ਸਾਡੇ ਨਾਲ ਬੇਇਨਸਾਫੀ ਕੀਤੀ ਜਾ ਰਹੀ ਹੈ। ਅਸੀਂ ਅੰਦੋਲਨ ਕਰਦੇ ਹਾਂ ਇਸ ਲਈ ਦੂਸਰੇ ਸਾਡੇ ਵੱਲ ਗੁੱਸੇ ਨਾਲ ਦੇਖਦੇ ਹਨ।

ਪਰ ਸਾਡਾ ਅੰਦੋਲਨ ਬਿਨਾਂ ਕਿਸੇ ਨਤੀਜੇ ਦੀ ਉਮੀਦ ਦੇ ਨਿਰਸੁਆਰਥ ਮਨ ਨਾਲ ਚੱਲ ਰਿਹਾ ਹੈ। ਸਾਨੂੰ ਉਮੀਦ ਹੈ ਕਿ ਇੱਕ ਦਿਨ ਅਸੀਂ ਵੀ ਇਸ ਰੁੱਖ ਦੇ ਮਾਲਕ ਬਣਾਂਗੇ। ਅੱਜ ਜੋ ਕੁਝ ਕੀਤੇ ਬਿਨਾਂ ਕੁੱਝ ਕੀਤੇ ਐਸ਼ ਕਰਦੇ ਹਨ, ਬਿਨਾਂ ਕਮਾਈ ਕੀਤੇ ਖਾ ਰਹੇ ਹਨ, ਭਵਿੱਖ ਵਿੱਚ ਉਹ ਆਪਣੇ ਕੰਮਾਂ ਤੋਂ ਸ਼ਰਮਿੰਦਾ ਹੋਣਗੇ।

ਮੈਂ ਇੱਕ ਗੱਲ ਹੋਰ ਕਹਿ ਕੇ ਆਪਣੀ ਗੱਲ ਸਮਾਪਤ ਕਰਦਾ ਹਾਂ ਕਿ ਸਾਰਿਆਂ ਨੂੰ ਆਪਣੇ ਘਰ ਵਿੱਚ ਬੁੱਧ ਦੀ ਤਸਵੀਰ ਲਗਾਉਣੀ ਚਾਹੀਦੀ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

# ਅਮਨ ਸ਼ਾਂਤੀ ਨੂੰ ਖ਼ਤਰਾ

ਰਜਵਿੰਦਰ ਪਾਲ ਸ਼ਰਮਾ
7087367969

ਈਦ ਤੋਂ ਪਹਿਲਾਂ ਮਹਾਂਰਾਸ਼ਟਰ ਦੀ ਮਸਜਿਦ ਵਿੱਚ ਧਮਾਕੇ ਦੀ ਖ਼ਬਰ ਨੇ ਇੱਕ ਵਾਰ ਫ਼ਿਰ ਦੇਸ਼ ਦੀ ਅਖੰਡਤਾ ਤੇ ਗਹਿਰੀ ਚੋਟ ਕੀਤੀ ਹੈ।ਭਾਰਤ ਵਰਗੇ ਧਰਮ ਨਿਰਪੱਖ ਦੇਸ਼ ਵਿੱਚ ਸਾਰੇ ਧਰਮ ਸਮਾਨ ਅਤੇ ਸਨਮਾਨ ਯੋਗ ਹਨ। ਕਿਸੇ ਵੀ ਧਰਮ ਦੇ ਰੀਤੀ ਰਿਵਾਜਾਂ ਅਤੇ ਰਸਮਾਂ ਵਿੱਚ ਵਿਗਣ ਪਾਉਣਾ ਦੇਸ਼ ਦੀ ਅਮਨ ਸ਼ਾਂਤੀ ਨੂੰ ਠੇਸ ਪਹੁੰਚਾਉਂਦਾ ਹੈ।ਭੀੜ ਭਾੜ ਵਾਲੇ ਸਥਾਨ ਖ਼ਾਸ ਕਰਕੇ ਤਿਉਹਾਰ ਅਤੇ ਮੇਲਿਆਂ ਦੇ ਸਮੇਂ ਕੁੱਝ ਲੋਕ ਆਪਣੇ ਨਿੱਜੀ ਫਾਇਦਿਆਂ ਲਈ ਧਰਮ ਦਾ ਸਹਾਰਾ ਲੈ ਕੇ ਲੋਕਾਂ ਵਿੱਚ ਨਫ਼ਰਤ ਦਾ ਬੀਜ਼ ਬੋ ਕੇ ਹਿੰਸਾ ਦੀ ਅੱਗ ਨੂੰ ਹੁਲਾਰਾ ਦਿੰਦੇ ਹਨ। ਅਜੋਕੇ ਸਮੇਂ ਵਿੱਚ ਜਦੋਂ ਭਾਰਤ ਦਿਨੋਂ ਦਿਨ ਵਿਕਾਸ ਦੀ ਪੌੜੀ ਚੜ੍ਹ ਰਿਹਾ ਹੈ ਉਸ ਸਮੇਂ ਦੇਸ਼ ਦੇ ਕਿਸੇ ਕੋਨੇ ਵਿੱਚ ਹੋ ਰਹੀ ਹਿੰਸਾ ਅਤੇ ਸਹਿਮ ਦਾ ਬਣਿਆ ਮਾਹੌਲ ਅੰਤਰਰਾਸ਼ਟਰੀ ਪੱਧਰ ਤੇ ਭਾਰਤ ਦੇਸ਼ ਦੀ ਏਕਤਾ ਤੇ ਸਵਾਲ ਖੜ੍ਹਾ ਕਰਦਾ ਹੈ।ਭਾਰਤ ਦੇਸ਼ ਵਿੱਚ ਜਿੰਨੇ ਵੀ ਪੀਰ ਪੈਗੰਬਰ ਅਤੇ ਗੁਰੂ ਹੋਏ ਉਹਨਾਂ ਨੇ ਮਨੁੱਖ ਨੂੰ ਸਭ ਤੋਂ ਉੱਪਰ ਰੱਖਿਆ।ਰੱਬ ਦਾ ਵਾਸ ਮਨੁੱਖ ਦੇ ਅੰਦਰ ਹੈ।ਜੇਕਰ ਅਸੀਂ ਕਿਸੇ ਦੇ ਦਿਲ ਨੂੰ ਠੇਸ ਪਹੁੰਚਾਉਂਦੇ ਹਾਂ ਤਾਂ ਅਸੀਂ ਆਪਣੇ ਪ੍ਰਭੂ ਪਰੇਮਸਵਰ ਨੂੰ ਦੁਖੀ ਕਰਦੇ ਹਾਂ। ਸਾਰੇ ਮਨੁੱਖ ਕੁਦਰਤ ਦੇ ਇੱਕ ਨੂਰ ਵਿੱਚੋਂ ਉਪਜੇ ਹਨ ਜਿਹਨਾਂ ਨੂੰ ਨਾਮ ਅਲੱਗ ਅਲੱਗ ਦਿੱਤੇ ਹਨ ਪ੍ਰੰਤੂ ਪਰਮਾਤਮਾ ਇੱਕ ਹੈ ਅਤੇ ਕਣ ਕਣ ਵਿੱਚ ਉਸਦਾ ਵਾਸ ਹੈ।ਧਰਮ ਅਤੇ ਫਿਰਕਿਆਂ ਦੇ ਨਾਂ ਤੇ ਫੈਲਾਈ ਜਾਂਦੀ ਦਹਿਸ਼ਤ ਕਿਸੇ ਵੀ ਹਾਲਤ ਵਿੱਚ ਸਹਿਣਯੋਗ ਅਤੇ ਬਖਸ਼ਣਯੋਗ ਨਹੀਂ, ਦੋਸ਼ੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਸਮੇਂ ਦੀ ਲੋੜ ਹੈ ਤਾਂ ਜ਼ੋ ਕੋਈ ਵੀ ਵਿਅਕਤੀ ਦੇਸ਼ ਦੀ ਏਕਤਾ, ਅਖੰਡਤਾ ਅਤੇ ਭਾਈਚਾਰਕ ਸਾਂਝ ਨੂੰ ਤੋੜ ਨਾ ਸਕੇ।



“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 9463601616
hardipchumber57@gmail.com

# ਮੂਰਖ ਦਿਵਸ 1 ਅਪ੍ਰੈਲ 2025 - ਸਾਨੂੰ ਦੂਜਿਆਂ ਨੂੰ ਅਤੇ ਆਪਣੇ ਆਪ ਨੂੰ ਮੂਰਖ ਬਣਾਉਣ ਵਿੱਚ ਮਜ਼ਾ ਆਉਂਦਾ ਹੈ।



**ਮੈਂ ਉਨ੍ਹਾਂ ਨੂੰ ਅਪ੍ਰੈਲ ਫੂਲ ਬਣਾਇਆ ਅਤੇ ਉਹ ਗੁੱਸੇ ਹੋ ਗਏ। ਮੇਰਾ ਕੀ ਕਸੂਰ ਹੈ? ਇਹ ਦੁਨੀਆਂ ਦੀ ਗਲਤੀ ਹੈ ਜਿਸਨੇ ਇਸਨੂੰ ਇੱਕ ਪਰੰਪਰਾ ਬਣਾਇਆ। ਪਹਿਲਾਂ ਇੱਕ ਦਿਨ ਮੂਰਖ ਦਿਵਸ ਮਨਾਉਣ ਦਾ ਰੁਝਾਨ ਸੀ, ਅੱਜ ਲੋਕਾਂ ਨੂੰ ਡਿਜੀਟਲ ਪਲੇਟਫਾਰਮਾਂ, ਹਨੀਟ੍ਰੈਪ, ਜਾਅਲੀ ਈਮੇਲਾਂ, ਬੈਂਕ ਧੋਖਾਧੜੀ, ਸੰਦੇਸ਼ਾਂ, ਔਨਲਾਈਨ ਲਾਟਰੀ ਆਦਿ ਰਾਹੀਂ ਹਰ ਰੋਜ਼ ਮੂਰਖ ਬਣਾਇਆ ਜਾ ਰਿਹਾ ਹੈ - ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ**

ਗੋਂਦੀਆ - ਵਿਸ਼ਵ ਪੱਧਰ 'ਤੇ, ਮੌਜੂਦਾ ਡਿਜੀਟਲ, ਰੋਬੋਟਿਕ ਅਤੇ ਤਕਨੀਕੀ ਯੁੱਗ ਵਿੱਚ, ਮਨੁੱਖ ਇੰਨਾ ਵਿਅਸਤ ਹੋ ਗਿਆ ਹੈ ਕਿ ਉਸਦਾ ਹਾਸਾ ਅਤੇ ਚੁਟਕਲੇ ਕਿਤੇ ਗੁਆਚ ਗਏ ਹਨ। ਭਾਰਤ ਵਿੱਚ, ਸਾਡੇ 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗ ਨਾਗਰਿਕਾਂ ਨੂੰ 1964 ਵਿੱਚ ਭਾਰਤੀ ਸਿਨੇਮਾ ਵਿੱਚ ਰਿਲੀਜ਼ ਹੋਈ ਹਿੰਦੀ ਫੀਚਰ ਫਿਲਮ 'ਅਪ੍ਰੈਲ ਫੂਲ' ਦੇ ਗੀਤ 'ਅਪ੍ਰੈਲ ਫੂਲ ਬਨਾਇਆ', 'ਉਨਕੋ ਗੁੱਸਾ ਆਇਆ, ਮੇਰਾ ਕਿਆ ਕਸੂਰ, ਜਮਨੇ ਕਾ ਕਸੂਰ, ਜੇਸਨੇ ਦਸਤੂਰ ਬਨਾਇਆ' ਦੀ ਯਾਦ ਆ ਗਈ, ਅਤੇ ਜਦੋਂ ਉਨ੍ਹਾਂ ਨੂੰ ਅਚਾਨਕ 1 ਅਪ੍ਰੈਲ ਫੂਲ ਦਿਵਸ ਦੀ ਵਿਹਾਰਕਤਾ ਯਾਦ ਆਉਂਦੀ ਹੈ, ਤਾਂ ਉਹ ਅਚਾਨਕ ਹੱਸਣ ਲੱਗ ਪੈਂਦੇ ਹਨ, ਜੋ ਕਿ ਅੱਜ ਉਨ੍ਹਾਂ ਦੀ ਦੂਜੀ ਪੀੜ੍ਹੀ ਦੀ ਸਿਹਤ ਲਈ ਬਹੁਤ ਮਹੱਤਵਪੂਰਨ ਹੈ, ਕਿਉਂਕਿ ਮੌਜੂਦਾ ਡਿਜੀਟਲ ਯੁੱਗ ਵਿੱਚ, ਹਾਸਾ ਅਤੇ ਚੁਟਕਲੇ ਇੱਕ ਸਿਹਤ ਟੌਨਿਕ ਵਜੋਂ ਕੰਮ ਕਰਦੇ ਹਨ ਜੋ ਅਨਮੋਲ ਹੈ, ਯਾਨੀ ਜੋ ਦਿਲੋਂ ਉੱਚੀ ਆਵਾਜ਼ ਵਿੱਚ ਹੱਸਦਾ ਹੈ, ਉਸਨੂੰ ਕੁਦਰਤੀ ਊਰਜਾ ਮਿਲਦੀ ਹੈ। ਸਾਨੂੰ ਇਹ ਟੌਨਿਕ 1 ਅਪ੍ਰੈਲ, ਯਾਨੀ ਕਿ ਫੂਲ ਡੇਅ 'ਤੇ ਮਿਲਦਾ ਹੈ, ਜਿਸ ਕਾਰਨ ਅਸੀਂ ਖੁਦ ਵੀ ਮੂਰਖ ਬਣਦੇ ਹਾਂ ਅਤੇ ਦੂਜਿਆਂ ਨੂੰ ਵੀ ਮੂਰਖ ਬਣਾਉਂਦੇ ਹਾਂ, ਫਿਰ ਅਸੀਂ ਇਕੱਠੇ ਹੱਸਦੇ ਹਾਂ, ਮੈਂ ਵੀ ਇਸਦਾ ਸ਼ਿਕਾਰ ਹੋ ਗਿਆ ਅਤੇ ਫਿਰ ਮੈਨੂੰ ਸ਼ਾਮ ਨੂੰ ਪਤਾ ਲੱਗਦਾ ਹੈ ਕਿ ਇਹ ਅਪ੍ਰੈਲ ਫੂਲ ਸੀ। ਇਹ ਹੈ ਕਿ ਮੈਨੂੰ ਸੂਚਿਤ ਕੀਤਾ ਗਿਆ ਸੀ ਕਿ, ਤੁਹਾਨੂੰ ਲਿਖਤੀ ਰੂਪ ਵਿੱਚ ਰਾਸ਼ਟਰੀ ਪੁਰਸਕਾਰ ਲਈ ਚੁਣਿਆ ਗਿਆ ਹੈ। ਮੈਂ ਬਹੁਤ ਉਤਸ਼ਾਹਿਤ ਸੀ ਅਤੇ ਦੁਪਹਿਰ ਨੂੰ ਸੂਟਕੇਟ ਲੈਣ ਗਿਆ। ਸ਼ਾਮ ਤੱਕ ਮੈਂ ਵਿਸਥਾਰ ਨਾਲ ਜਾਣਕਾਰੀ ਮੰਗੀ, ਤਾਂ ਮੇਰੇ ਦੋਸਤ ਹੱਸ ਪਏ ਅਤੇ ਕਹਿਣ ਲੱਗੇ ਕਿ ਤੈਨੂੰ ਗੁੱਸਾ ਆਇਆ ਕਿਉਂਕਿ ਮੈਂ ਤੈਨੂੰ ਅਪ੍ਰੈਲ ਫੂਲ ਬਣਾਇਆ ਸੀ। ਮੈਂ ਵੀ ਉੱਚੀ-ਉੱਚੀ ਹੱਸ ਪਿਆ। ਇਹ ਅਸਲੀ ਮਜ਼ਾ ਹੈ, ਹਾਸਾ ਅਤੇ ਹਾਸੇ। ਪਰ ਅੱਜ ਦੇ ਡਿਜੀਟਲ ਯੁੱਗ ਵਿੱਚ, ਪਹਿਲਾਂ ਸਿਰਫ਼ ਇੱਕ ਦਿਨ ਲਈ ਮੂਰਖ ਦਿਵਸ ਮਨਾਉਣ ਦਾ ਰੁਝਾਨ ਸੀ ਪਰ ਅੱਜ ਲੋਕਾਂ ਨੂੰ ਹਰ ਰੋਜ਼ ਮੂਰਖ ਬਣਾਉਣ ਲਈ ਬਹੁਤ ਸਾਰੇ ਪਲੇਟਫਾਰਮ ਹਨ ਜਿਨ੍ਹਾਂ ਵਿੱਚ ਡਿਜੀਟਲ ਪਲੇਟਫਾਰਮ, ਹਨੀਟ੍ਰੈਪ ਜਾਅਲੀ ਈਮੇਲ, ਬੈਂਕ ਵਿੱਚੋਂ ਪੈਸੇ ਗਾਇਬ ਹੋਣਾ, ਸੁਨੇਹੇ, ਔਨਲਾਈਨ ਲਾਟਰੀ ਸ਼ਾਮਲ ਹਨ, ਜਿਸ ਕਾਰਨ ਸਾਨੂੰ ਹਰ ਰੋਜ਼ ਮੂਰਖ ਬਣਾਇਆ ਜਾਂਦਾ ਹੈ। ਅੱਜ, ਮੀਡੀਅਮ 'ਤੇ ਉਪਲਬਧ ਜਾਣਕਾਰੀ ਦੀ ਮਦਦ ਨਾਲ, ਅਸੀਂ ਇਸ ਲੇਖ ਰਾਹੀਂ ਚਰਚਾ ਕਰਾਂਗੇ, ਮੂਰਖ ਦਿਵਸ 1 ਅਪ੍ਰੈਲ 2025, ਅਸੀਂ ਦੂਜਿਆਂ ਅਤੇ ਆਪਣੇ ਆਪ ਨੂੰ ਮੂਰਖ ਬਣਾ ਕੇ ਹੱਸਣ ਦਾ ਆਨੰਦ ਮਾਣਦੇ ਹਾਂ, ਜੋ ਕਿ ਸਿਹਤਮੰਦ ਰਹਿਣ ਲਈ ਇੱਕ ਵਧੀਆ ਟੌਨਿਕ ਹੈ।

ਦੋਸਤੋ, ਜੇਕਰ ਅਸੀਂ 1 ਅਪ੍ਰੈਲ 2025 ਦੀ ਗੱਲ ਕਰੀਏ, ਤਾਂ ਹਰ ਸਾਲ 1 ਅਪ੍ਰੈਲ ਨੂੰ ਪੂਰੀ ਦੁਨੀਆ ਵਿੱਚ ਅਪ੍ਰੈਲ ਫੂਲ ਦਿਵਸ ਵਜੋਂ ਮਨਾਇਆ ਜਾਂਦਾ ਹੈ, ਇਸ ਦਿਨ ਹਰ ਕੋਈ ਇੱਕ ਦੂਜੇ ਨਾਲ ਖੁੱਲ੍ਹ ਕੇ ਮਜ਼ਾਕ ਕਰਦਾ ਹੈ। ਇਸ ਦਿਨ ਹਰ ਕੋਈ ਕਿਸੇ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕਰਦਾ ਹੈ, ਉਨ੍ਹਾਂ ਨਾਲ ਮਜ਼ਾਕ ਕਰਦਾ ਹੈ ਅਤੇ ਜਦੋਂ ਅਸੀਂ ਅਜਿਹਾ ਕਰਨ ਵਿੱਚ ਸਫਲ ਹੋ ਜਾਂਦੇ ਹਾਂ, ਤਾਂ ਅਸੀਂ ਅਪ੍ਰੈਲ ਫੂਲ ਦਾ ਰੌਲਾ ਪਾਉਂਦੇ ਹਾਂ। ਅੱਜਕੱਲ੍ਹ ਲੋਕ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਾਰਿਆਂ ਨੂੰ ਮੂਰਖ ਬਣਾਉਂਦੇ ਹਨ। ਕਈ ਵਾਰ ਮਜ਼ਾਕ ਇੰਨਾ ਅਸਲੀ ਹੁੰਦਾ ਹੈ ਕਿ ਲੋਕਾਂ ਨੂੰ ਬਾਅਦ ਵਿੱਚ ਅਹਿਸਾਸ ਹੁੰਦਾ ਹੈ ਕਿ ਉਹ ਅਪ੍ਰੈਲ ਫੂਲ ਬਣ ਗਏ ਹਨ। ਇਸ ਦਿਨ ਲੋਕ ਆਪਣੇ ਦੋਸਤਾਂ, ਅਜ਼ੀਜ਼ਾਂ ਜਾਂ ਪਰਿਵਾਰਕ ਮੈਂਬਰਾਂ ਨੂੰ ਮੂਰਖ ਬਣਾ ਕੇ ਜਸ਼ਨ ਮਨਾਉਂਦੇ ਹਨ। ਲੋਕਾਂ ਨਾਲ ਮਜ਼ਾਕ ਕਰਨ ਜਾਂ ਮਜ਼ਾਕ ਕਰਨ ਤੋਂ ਬਾਅਦ, ਉਹ ਜੋਸ਼ ਵਿੱਚ ਅਪ੍ਰੈਲ ਫੂਲ ਡੇਅ ਦਾ ਰੌਲਾ ਪਾਉਂਦੇ ਹਨ। ਪਹਿਲਾਂ ਇਹ ਦਿਨ ਸਿਰਫ਼ ਫਰਾਂਸ ਅਤੇ




ਕੁਝ ਹੋਰ ਯੂਰਪੀ ਦੇਸ਼ਾਂ ਵਿੱਚ ਮਨਾਇਆ ਜਾਂਦਾ ਸੀ, ਪਰ ਹੌਲੀ-ਹੌਲੀ ਅਪ੍ਰੈਲ ਫੂਲ ਦਿਵਸ ਦੁਨੀਆ ਭਰ ਦੇ ਦੇਸ਼ਾਂ ਵਿੱਚ ਮਨਾਇਆ ਜਾਣ ਲੱਗਾ। ਅਪ੍ਰੈਲ ਫੂਲ ਡੇ ਮਨਾਉਣ ਪਿੱਛੇ ਕਈ ਕਹਾਣੀਆਂ ਹਨ। ਫੂਲਜ਼ ਡੇ ਯਾਨੀ ਅਪ੍ਰੈਲ ਫੂਲਜ਼ ਡੇ 'ਤੇ, ਲੋਕ ਦੂਜਿਆਂ ਨੂੰ ਮੂਰਖ ਬਣਾਉਂਦੇ ਹਨ ਅਤੇ ਖੁਦ ਵੀ ਇੱਕ ਬਣ ਕੇ ਫੂਲਜ਼ ਡੇ ਦਾ ਆਨੰਦ ਮਾਣਦੇ ਹਨ। ਅਪ੍ਰੈਲ ਫੂਲ ਡੇ ਹਰ ਸਾਲ 1 ਅਪ੍ਰੈਲ ਨੂੰ ਕਈ ਦੇਸ਼ਾਂ ਵਿੱਚ ਮਨਾਇਆ ਜਾਂਦਾ ਹੈ। ਕੁਝ ਥਾਵਾਂ 'ਤੇ ਇਸਨੂੰ ਆਲ ਫੂਲ ਡੇ ਵੀ ਕਿਹਾ ਜਾਂਦਾ ਹੈ। ਇਸ ਦਿਨ ਲੋਕ ਇੱਕ ਦੂਜੇ ਨੂੰ ਮੂਰਖ ਬਣਾਉਂਦੇ ਹਨ ਅਤੇ ਚੁਟਕਲੇ ਸੁਣਾਉਂਦੇ ਅਤੇ ਸੁਣਾਉਂਦੇ ਹਨ। ਇਸ ਦਿਨ, ਹਰ ਕੋਈ ਉਸ ਵਿਅਕਤੀ ਨੂੰ 'ਅਪ੍ਰੈਲ ਫੂਲ' ਕਹਿ ਕੇ ਚਿੜਾਉਂਦਾ ਹੈ ਜੋ ਮੂਰਖ ਬਣਦਾ ਹੈ। ਅਪ੍ਰੈਲ ਫੂਲ ਦਿਵਸ ਦਾ ਵਿਸ਼ਾ ਜ਼ਿੰਦਗੀ ਵਿੱਚ ਗੁਆਚੇ ਖੁਸ਼ੀ ਦੇ ਪਲਾਂ ਨੂੰ ਵਾਪਸ ਲਿਆਉਣਾ ਅਤੇ ਤਣਾਅ-ਮੁਕਤ ਅਤੇ ਸਿਹਤਮੰਦ ਜੀਵਨ ਜਿਉਣ ਵੱਲ ਇੱਕ ਹੋਰ ਕਦਮ ਵਧਾਉਣਾ ਹੈ। ਜ਼ਿਆਦਾਤਰ ਲੋਕਾਂ ਕੋਲ ਅਪ੍ਰੈਲ ਫੂਲ ਡੇ ਨਾਲ ਜੁੜੀਆਂ ਬਚਪਨ ਦੀਆਂ ਯਾਦਾਂ ਹਨ, 1 ਅਪ੍ਰੈਲ ਨੂੰ ਪਰਿਵਾਰ, ਰਿਸ਼ਤੇਦਾਰਾਂ ਅਤੇ ਦੋਸਤਾਂ ਨਾਲ ਕੀਤੇ ਗਏ ਮਜ਼ਾਕ ਹਰ ਕਿਸੇ ਦੇ ਚਿਹਰੇ 'ਤੇ ਮੁਸਕਰਾਹਟ ਲਿਆਉਂਦੇ ਹਨ। ਸ਼ਰਾਰਤੀ ਲੋਕ ਇਸ ਦਿਨ ਦੀ ਬੇਸਬਰੀ ਨਾਲ ਉਡੀਕ ਕਰਦੇ ਹਨ ਤਾਂ ਜੋ ਉਹ 'ਮੈਂ ਉਸਨੂੰ ਅਪ੍ਰੈਲ ਫੂਲ ਬਣਾਇਆ, ਇਹ ਬਹੁਤ ਮਜ਼ੇਦਾਰ ਸੀ' ਜਾਂ 'ਉਹ ਗੁੱਸੇ ਹੋ ਗਿਆ' ਵਰਗੇ ਵਾਕਾਂਸ਼ ਕਹਿ ਸਕਣ। ਇਸ ਦਿਨ, ਬਹੁਤ ਸਾਰੇ ਲੋਕ ਆਪਣੇ ਅਜ਼ੀਜ਼ਾਂ ਨੂੰ ਹੈਰਾਨ ਕਰਨ ਦੇ ਨਵੇਂ ਤਰੀਕੇ ਲੱਭਦੇ ਹਨ ਅਤੇ ਫਿਰ ਬਾਅਦ ਵਿੱਚ ਉਨ੍ਹਾਂ ਦੀਆਂ ਪ੍ਰਤੀਕਿਰਿਆਵਾਂ ਨੂੰ ਦੇਖ ਕੇ ਆਨੰਦ ਮਾਣਦੇ ਹਨ। ਅਪ੍ਰੈਲ ਫੂਲ ਦਿਵਸ, ਜੋ ਕਿ ਮੌਜ-ਮਸਤੀ ਅਤੇ ਹਾਸੇ ਨੂੰ ਸਮਰਪਿਤ ਹੈ, ਹਰ ਸਾਲ ਇਕਸਾਰ ਹੁੰਦੀ ਜਾ ਰਹੀ ਰੁਟੀਨ ਜ਼ਿੰਦਗੀ ਤੋਂ ਬਹੁਤ ਜ਼ਰੂਰੀ ਬ੍ਰੇਕ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ, ਇਹ ਤੁਹਾਨੂੰ ਆਪਣੇ ਦੋਸਤਾਂ ਅਤੇ ਨਜ਼ਦੀਕੀਆਂ ਨਾਲ ਕੁਝ ਮੌਜ-ਮਸਤੀ ਕਰਨ ਦਾ ਮੌਕਾ ਵੀ ਦਿੰਦਾ ਹੈ। ਡਿਜੀਟਲ ਯੁੱਗ ਵਿੱਚ, ਅਪ੍ਰੈਲ ਫੂਲ ਡੇਅ ਨੇ ਔਨਲਾਈਨ ਪਲੇਟਫਾਰਮਾਂ ਅਤੇ ਸੋਸ਼ਲ ਮੀਡੀਆ ਨੈੱਟਵਰਕਾਂ ਨਾਲ ਮੌਜ-ਮਸਤੀ ਕਰਨ ਜਾਂ ਮਜ਼ਾਕ ਕਰਨ ਦਾ ਇੱਕ ਨਵਾਂ ਤਰੀਕਾ ਵੀ ਅਪਣਾ ਲਿਆ ਹੈ। ਹਾਲਾਂਕਿ, ਜੋ ਲੋਕ ਇਸ ਦਿਨ ਦੂਜਿਆਂ 'ਤੇ ਮਜ਼ਾਕ ਕਰਦੇ ਹਨ, ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਹਰ ਕੋਈ ਮਜ਼ਾਕ ਦਾ ਪਾਤਰ ਬਣਨਾ ਪਸੰਦ ਨਹੀਂ ਕਰਦਾ, ਇਸ ਲਈ, ਮੌਜ-ਮਸਤੀ ਕਰਦੇ ਸਮੇਂ ਵੀ ਸਮਾਜਿਕ ਦਾਇਰਿਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਕਿਉਂਕਿ ਲੋਕ ਹਰ ਰੋਜ਼ ਮੂਰਖ ਬਣ ਰਹੇ ਹਨ! ਪਹਿਲਾਂ ਸਿਰਫ਼ ਇੱਕ ਦਿਨ ਲਈ ਮੂਰਖ ਦਿਵਸ ਮਨਾਉਣ ਦਾ ਰੁਝਾਨ ਸੀ, ਪਰ ਅੱਜਕੱਲ੍ਹ ਲੋਕ ਹਰ ਰੋਜ਼ ਮੂਰਖ ਬਣ ਰਹੇ ਹਨ। ਇਨ੍ਹੀਂ ਦਿਨੀਂ, ਲੋਕ ਹਰ ਰੋਜ਼ ਡਿਜੀਟਲ ਪਲੇਟਫਾਰਮਾਂ, ਹਨੀਟ੍ਰੈਪ, ਨਕਲੀ ਈਮੇਲਾਂ ਜਾਂ ਸੁਨੇਹਿਆਂ ਰਾਹੀਂ, ਔਨਲਾਈਨ ਲਾਟਰੀ ਜਿੱਤਣ ਦੇ ਨਾਮ 'ਤੇ, ਮੂਰਖ ਬਣਾਏ ਜਾ ਰਹੇ ਹਨ, ਆਦਿ।

ਦੋਸਤੋ, ਜੇਕਰ ਅਸੀਂ 1 ਅਪ੍ਰੈਲ 2025 ਨੂੰ ਅਪ੍ਰੈਲ ਫੂਲ ਦਿਵਸ ਦੇ ਇਤਿਹਾਸ ਦੀ ਗੱਲ ਕਰੀਏ, ਤਾਂ ਇਸ ਗੱਲ ਦਾ ਕੋਈ ਠੋਸ ਸਬੂਤ ਨਹੀਂ ਹੈ ਕਿ ਅਪ੍ਰੈਲ ਫੂਲ ਦਿਵਸ 1 ਅਪ੍ਰੈਲ ਨੂੰ ਕਿਉਂ ਮਨਾਇਆ ਜਾਂਦਾ ਹੈ, ਪਰ ਇਸ ਬਾਰੇ ਬਹੁਤ ਸਾਰੀਆਂ ਕਹਾਣੀਆਂ ਪ੍ਰਚਲਿਤ ਹਨ, ਜਿਨ੍ਹਾਂ ਵਿੱਚੋਂ ਇੱਕ ਦੇ ਅਨੁਸਾਰ, ਅਪ੍ਰੈਲ ਫੂਲ ਦਿਵਸ 1381 ਵਿੱਚ ਸ਼ੁਰੂ ਹੋਇਆ ਸੀ। ਕਿਹਾ ਜਾਂਦਾ ਹੈ ਕਿ ਉਸ ਸਮੇਂ ਦੇ ਰਾਜਾ ਰਿਚਰਡ ਪਹਿਲੇ ਅਤੇ ਬੋਹੇਮੀਆ ਦੇ ਮਹਾਰਾਣੀ ਐਨ ਨੇ ਐਲਾਨ ਕੀਤਾ ਸੀ ਕਿ ਉਹ 32 ਮਾਰਚ, 1381 ਨੂੰ ਮੰਗਣੀ ਕਰਨ ਜਾ ਰਹੇ ਹਨ। ਮੰਗਣੀ ਦੀ ਖ਼ਬਰ ਸੁਣ ਕੇ ਲੋਕ ਬਹੁਤ ਖੁਸ਼ ਹੋਏ, ਪਰ 31 ਮਾਰਚ, 1381 ਨੂੰ, ਲੋਕਾਂ ਨੂੰ ਅਹਿਸਾਸ ਹੋਇਆ ਕਿ 32 ਮਾਰਚ ਕਦੇ ਨਹੀਂ ਆਵੇਗਾ। ਇਸ ਤੋਂ ਬਾਅਦ, ਲੋਕਾਂ ਨੂੰ ਸਮਝ ਆਇਆ ਕਿ ਉਨ੍ਹਾਂ ਨੂੰ ਮੂਰਖ ਬਣਾਇਆ ਗਿਆ ਸੀ। ਕਿਹਾ ਜਾਂਦਾ ਹੈ ਕਿ ਉਦੋਂ ਤੋਂ ਹੀ 32 ਮਾਰਚ, ਯਾਨੀ 1 ਅਪ੍ਰੈਲ ਨੂੰ ਮੂਰਖ ਦਿਵਸ ਵਜੋਂ ਮਨਾਇਆ ਜਾਣ ਲੱਗਾ। ਕੁਝ ਕਹਾਣੀਆਂ ਦੇ ਅਨੁਸਾਰ, ਅਪ੍ਰੈਲ ਫੂਲ ਡੇ 1392 ਵਿੱਚ ਹੀ ਸ਼ੁਰੂ ਹੋਇਆ ਸੀ। ਕੁਝ ਕਹਾਣੀਆਂ ਦੇ ਅਨੁਸਾਰ, ਪਹਿਲਾਂ ਯੂਰਪੀਅਨ ਦੇਸ਼ਾਂ ਵਿੱਚ, ਨਵਾਂ ਸਾਲ 1 ਅਪ੍ਰੈਲ ਨੂੰ ਮਨਾਇਆ ਜਾਂਦਾ ਸੀ। ਪਰ, ਜਦੋਂ ਪੋਪ ਗ੍ਰੈਗਰੀ 13 ਨੇ ਨਵਾਂ ਕੈਲੰਡਰ ਅਪਣਾਉਣ ਦਾ ਹੁਕਮ ਦਿੱਤਾ, ਨਵਾਂ ਸਾਲ 1 ਜਨਵਰੀ ਤੋਂ ਮਨਾਇਆ ਜਾਣ ਲੱਗਾ, ਕੁਝ ਲੋਕ ਅਜੇ ਵੀ 1 ਅਪ੍ਰੈਲ ਨੂੰ ਨਵਾਂ ਸਾਲ ਮਨਾ ਰਹੇ ਸਨ। ਫਿਰ ਅਜਿਹੇ ਲੋਕਾਂ ਨੂੰ ਮੂਰਖ ਸਮਝਿਆ ਜਾਂਦਾ ਸੀ ਅਤੇ ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਸੀ। ਇਸ ਤਰ੍ਹਾਂ ਅਪ੍ਰੈਲ ਫੂਲ ਡੇ ਦੀ ਸ਼ੁਰੂਆਤ ਹੋਈ। ਹਾਲਾਂਕਿ, 19ਵੀਂ ਸਦੀ ਤੱਕ, ਅਪ੍ਰੈਲ ਫੂਲ ਡੇ ਕਾਫ਼ੀ ਮਸ਼ਹੂਰ ਹੋ ਗਿਆ ਸੀ। ਕੁਝ ਰਿਪੋਰਟਾਂ ਦੇ ਅਨੁਸਾਰ, ਇਸ ਦਿਨ ਦੀ ਸ਼ੁਰੂਆਤ ਭਾਰਤ ਵਿੱਚ ਅੰਗਰੇਜ਼ਾਂ ਦੁਆਰਾ 19ਵੀਂ ਸਦੀ ਵਿੱਚ ਕੀਤੀ ਗਈ ਸੀ। ਅੱਜਕੱਲ੍ਹ ਭਾਰਤ ਵਿੱਚ ਵੀ ਲੋਕ ਇਸ ਦਿਨ ਆਨੰਦ ਮਾਣਦੇ ਹਨ।

ਇਸ ਲਈ ਜੇਕਰ ਅਸੀਂ ਉਪਰੋਕਤ ਵਰਣਨ ਦਾ ਅਧਿਐਨ ਕਰੀਏ ਅਤੇ ਇਸਦੀ ਵਿਆਖਿਆ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਮੂਰਖ ਦਿਵਸ 1 ਅਪ੍ਰੈਲ 2025 - ਸਾਨੂੰ ਦੂਜਿਆਂ ਨੂੰ ਅਤੇ ਆਪਣੇ ਆਪ ਨੂੰ ਮੂਰਖ ਬਣਾਉਣ ਵਿੱਚ ਮਜ਼ਾ ਆਉਂਦਾ ਹੈ। ਮੈਂ ਉਨ੍ਹਾਂ ਨੂੰ ਅਪ੍ਰੈਲ ਫੂਲ ਬਣਾਇਆ, ਉਹ ਗੁੱਸੇ ਹੋ ਗਏ, ਮੇਰਾ ਕੀ ਕਸੂਰ ਹੈ, ਇਹ ਦੁਨੀਆ ਦਾ ਕਸੂਰ ਹੈ, ਜਿਸਨੇ ਇਹ ਰਿਵਾਜ ਬਣਾਇਆ।ਪਹਿਲਾਂ ਸਿਰਫ਼ ਇੱਕ ਦਿਨ ਮੂਰਖ ਦਿਵਸ ਮਨਾਉਣ ਦਾ ਰੁਝਾਨ ਸੀ, ਅੱਜ ਲੋਕ ਡਿਜੀਟਲ ਪਲੇਟਫਾਰਮਾਂ, ਹਨੀਟ੍ਰੈਪ, ਜਾਅਲੀ ਈਮੇਲਾਂ,ਬੈਂਕ ਧੋਖਾਧੜੀ, ਸੰਦੇਸ਼ਾਂ, ਔਨਲਾਈਨ ਲਾਟਰੀ ਆਦਿ ਰਾਹੀਂ ਹਰ ਰੋਜ਼ ਮੂਰਖ ਬਣ ਰਹੇ ਹਨ।

-ਕੰਪਾਈਲਰ ਲੇਖਕ - ਕਾਰ ਮਾਹਿਰ ਕਾਲਮਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ(ਏ.ਟੀ.ਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ 9284141425

# ਵਿਧਾਇਕ ਡਾਕਟਰ ਚਰਨਜੀਤ ਸਿੰਘ ਨੇ ਈਦ ਉਲ ਫਿਤਰ ਤੇ ਦਿੱਤੀ ਮੁਸਲਿਮ ਭਾਈਚਾਰੇ ਨੂੰ ਦਿੱਤੀ ਮੁਬਾਰਕਬਾਦ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 9463601616
hardipchumber57@gmail.com



ਮੋਰਿੰਡਾ, 31 ਮਾਰਚ, (ਪਤਰ ਪ੍ਰੇਰਕ,) ਅੱਜ ਈਦ ਉਲ ਫਿਤਰ ਦੇ ਪਾਵਨ ਮੌਕੇ ਤੇ ਵਿਧਾਇਕ ਡਾਕਟਰ ਚਰਨਜੀਤ ਸਿੰਘ ਨੇ ਹਲਕਾ ਸ੍ਰੀ ਚਮਕੌਰ ਸਾਹਿਬ ਦੀਆ ਵੱਖ ਵੱਖ ਮਸਜਿਦਾਂ ਵਿਚ ਹਾਜ਼ਰੀ ਲਗਵਾਈ ਅਤੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਮੁਬਾਰਕਬਾਦ ਦਿੱਤੀ। ਉਹਨਾਂ ਨਗਰ ਘੜੂੰਆਂ ਦੀ ਮਸਜਿਦ ਵਿੱਚ ਹਾਜਰੀ ਭਰਦਿਆਂ ਅੱਲਾ ਤਾਲਾ ਅੱਗੇ ਇਹ ਅਰਜੋਈ ਕੀਤੀ ਕਿ ਉਹ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਵਿਸ਼ਵ ਤਰੱਕੀ ਵਿੱਚ ਆਪਣਾ ਬਝਮੁੱਲਾ ਯੋਗਦਾਨ ਅਤੇ ਵਿਸ਼ਵ ਭਰ ਵਿੱਚ ਸ਼ਾਂਤੀ ਬਰਕਰਾਰ ਰੱਖੇ ਜਾਣ ਦੇ ਲਈ ਆਪਣਾ ਯੋਗਦਾਨ ਪਾਉਣ ਦੀ ਤਾਕਤ ਬਖਸ਼ਣ । ਇਸ ਮੌਕੇ ਤੇ ਵਿਧਾਇਕ ਡਾਕਟਰ ਚਰਨਜੀਤ ਸਿੰਘ ਨੇ ਕਿਹਾ ਕਿ ਉਹ ਕਮੇਟੀ ਦੀ ਮੰਗ ਤੇ ਘੜੂੰਏ ਵਿੱਚ ਮੁਸਲਮਾਨ ਭਾਈਚਾਰੇ ਲਈ ਧਰਮਸ਼ਾਲਾ ਅਤੇ ਉਹਨਾਂ ਦੀਆਂ ਹੋਰ ਮੰਗਾਂ ਨੂੰ ਜਲਦ ਪੂਰਾ ਕਰਵਾਉਣ ਦਾ ਯਤਨ ਕਰਨਗੇ। ਇਸ ਮੌਕੇ ਤੇ ਮਸਜਿਦ ਕਮੇਟੀ ਵੱਲੋਂ ਵਿਧਾਇਕ ਸਾਹਿਬ ਨੂੰ ਮੰਗ ਪੱਤਰ ਦੇ ਕੇ ਮੁਸਲਮਾਨ ਭਾਈਚਾਰੇ ਦੀਆਂ ਮੰਗਾਂ ਸਬੰਧੀ ਜਾਣੂ ਕਰਵਾਇਆ ਗਿਆ।ਇਸ ਮੌਕੇ ਕਮੇਟੀ ਮੈਂਬਰ ਮੇਜੀ ਖਾਨ,ਸੁਖਰਾਜ ਮੁਹੰਮਦ, ਬਲਬੀਰ ਖਾਨ,ਅਮੀਨ ਖਾਨ, ਜੁਗਰਾਜ ਮੁਹੰਮਦ, ਕਰਮਾਂ ਖ਼ਾਨ, ਪਰਮਜੀਤ ਵੱਲੋਂ ਵਿਧਾਇਕ ਸਾਹਿਬ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਜਗਤਾਰ ਘੜੂੰਆਂ ਸਿਆਸੀ ਸਕੱਤਰ ਵਿਧਾਇਕ ਡਾਕਟਰ ਚਰਨਜੀਤ ਸਿੰਘ, ਮਨਮੀਤ ਕੌਰ ਪ੍ਰਧਾਨ ਨਗਰ ਪੰਚਾਇਤ ਘੜੂੰਆਂ, ਹਰਪ੍ਰੀਤ ਸਿੰਘ ਭੰਡਾਰੀ ਸੀਨੀਅਰ ਮੀਤ ਪ੍ਰਧਾਨ, ਮਨਦੀਪ ਸਿੰਘ ਬਲਾਕ ਪ੍ਰਧਾਨ,ਰਿਆ ਮੀਤ ਪ੍ਰਧਾਨ, ਰੋਬਿਨ, ਸ਼ਮਸ਼ੇਰ ਸਿੰਘ, ਨਰਿੰਦਰ ਸਿੰਘ, ਗਗਨਪ੍ਰੀਤ ਸਿੰਘ,ਭਗਤ ਸਿੰਘ, ਮਨਪ੍ਰੀਤ ਸਿੰਘ, ਅਮ੍ਰਿਤਪਾਲ ਸਿੰਘ, ਇੰਦਰਜੀਤ ਸਿੰਘ, ਜਸ਼ਨਪ੍ਰੀਤ ਸਿੰਘ, ਜਰਨੈਲ ਸਿੰਘ ਜੈਲਾ,ਭਿੰਦਰ ਸਿੰਘ, ਗੁਰਦਿਆਲ ਸਿੰਘ, ਸਤਵੀਰ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਐਨ.ਜੀ.ਓਜ਼ ਨੂੰ ਵਿੱਤੀ ਸਹਾਇਤਾ ਲਈ 80 ਲੱਖ ਰੁਪਏ ਦੀ ਗਰਾਂਟ ਜਾਰੀ: ਡਾ. ਬਲਜੀਤ ਕੌਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 9463601616
hardipchumber57@gmail.com

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਹੁਨਰਮੰਦ ਅਤੇ ਆਤਮ ਨਿਰਭਰ ਬਣਾਉਣ ਦੇ ਉਦੇਸ਼ ਨਾਲ ਐਨ.ਜੀ.ਓਜ਼ (ਗੈਰ-ਸਰਕਾਰੀ ਸੰਸਥਾਵਾਂ) ਨੂੰ 80 ਲੱਖ ਰੁਪਏ ਦੀ ਵਿੱਤੀ ਸਹਾਇਤਾ ਜਾਰੀ ਕੀਤੀ ਹੈ। ਇਹ ਜਾਣਕਾਰੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ ਬਲਜੀਤ ਕੌਰ ਨੇ ਦੱਸਿਆ ਕਿ ਸੂਬੇ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੀਆਂ ਐਨ.ਜੀ.ਓਜ਼ ਰਾਹੀਂ ਨੌਜਵਾਨਾਂ ਅਤੇ ਮਹਿਲਾਵਾਂ ਨੂੰ ਕਟਿੰਗ-ਟੇਲਰਿੰਗ, ਫੈਸ਼ਨ ਡਿਜ਼ਾਇਨਿੰਗ, ਕੰਪਿਊਟਰ, ਟੈਲੀ ਟ੍ਰੇਨਿੰਗ ਅਤੇ ਬਿਊਟੀ ਥੈਰੇਪਿਸਟ ਟ੍ਰੇਨਿੰਗ ਵਰਗੀਆਂ ਕੋਰਸਾਂ ਰਾਹੀਂ ਸਵੈ-ਰੋਜ਼ਗਾਰ ਯੋਗ ਬਣਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੀਆਂ 4 ਗੈਰ ਸਰਕਾਰੀ ਸੰਸਥਾਵਾਂ ਨੂੰ ਕਟਿੰਗ ਐਂਡ ਟੇਲਰਿੰਗ, ਫੈਸ਼ਨ ਡਿਜ਼ਾਇਨਿੰਗ ਅਤੇ ਕੰਪਿਊਟਰ ਟ੍ਰੇਨਿੰਗ ਪ੍ਰਾਜੈਕਟਾਂ ਲਈ 40 ਲੱਖ ਰੁਪਏ ਜਾਰੀ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਸੰਗਰੂਰ ਜ਼ਿਲ੍ਹੇ ਦੀ ਇੱਕ ਸੰਸਥਾ ਨੂੰ ਕਟਿੰਗ ਐਂਡ ਟੇਲਰਿੰਗ ਕੋਰਸ ਲਈ 10 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਬਠਿੰਡਾ ਜ਼ਿਲ੍ਹੇ ਦੀਆਂ 3 ਗੈਰ ਸਰਕਾਰੀ ਸੰਸਥਾਵਾਂ ਨੂੰ ਇਨ੍ਹਾਂ ਕੋਰਸਾਂ ਲਈ 30 ਲੱਖ ਰੁਪਏ ਜਾਰੀ ਕੀਤੇ ਗਏ ਹਨ, ਤਾਂ ਜੋ ਇਨ੍ਹਾਂ ਜ਼ਿਲ੍ਹਿਆਂ ਦੇ ਨੌਜਵਾਨ ਆਪਣੀ ਆਜੀਵਿਕਾ ਕਮਾਉਣ ਲਈ ਸਮੱਰਥ ਬਣ ਸਕਨ।



ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਸਮਾਜਿਕ ਵਿਕਾਸ ਅਤੇ ਨੌਜਵਾਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਨਿਰੰਤਰ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਸਕੀਮਾਂ ਰਾਹੀਂ ਸੂਬੇ ਦੇ ਨੌਜਵਾਨਾਂ ਨੂੰ ਆਤਮਨਿਰਭਰ ਬਣਾਉਣ ਲਈ ਲਗਾਤਾਰ ਉਪਰਾਲੇ ਜਾਰੀ ਰਹਿਣਗੇ।

# ਡਾ ਅੰਬੇਡਕਰ ਸਪੋਰਟਸ ਐਂਡ ਵੈਲਫੇਅਰ ਕਲੱਬ ਐਨ ਆਰ ਆਈ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਕਰਵਾਏ ਗਏ ਕਬੱਡੀ ਦੇ ਮੈਚ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 31 ਮਾਰਚ
INTERNATIONAL PAPER, 9463601616
hardipchumber57@gmail.com



ਸੰਗਰੂਰ (ਚਰਨਜੀਤ ਸੱਲ੍ਹਾ )30 ਮਾਰਚ 2025 ਨੂੰ ਡਾ ਅੰਬੇਡਕਰ ਸਪੋਰਟਸ ਐਂਡ ਵੈਲਫ਼ੇਅਰ ਕਲੱਬ NRI ਵੀਰ ਅਤੇ ਸਮੂਹ ਨਗਰ ਨਿਵਾਸੀ ਫਤਿਹਗੜ੍ਹ ਛੰਨਾ, ਦੇਹਕਲਾ (ਸੰਗਰੂਰ ) ਦੇ ਵਿਸ਼ੇਸ਼ ਸੱਦੇ ਤੇ, ਹਲਕਾ ਪ੍ਰਧਾਨ ਸੁਨਮ ਸ੍ਰ ਰਾਮ ਸਿੰਘ ਲੌਂਗੋਵਾਲ, ਉਹਨਾ ਦੇ ਨਾਲ ਹਲਕਾ ਇੰਚਾਰਜ ਸੁਨਮ ਡਾ ਹਰਬੰਸ ਸਿੰਘ ਲੌਂਗੋਵਾਲ, PP ਸ੍ਰ ਹਰਮੀਤ ਸਿੰਘ ਸ਼ੇਰਪੁਰ ਤੇ ਸ੍ਰ ਬਿੱਟੂ ਸਿੰਘ ਸ਼ੇਰਪੁਰ ਜੀ ਨੇ ਪਹੁੰਚੇ ਕੇ ਲਗਵਾਈ ਹਾਜ਼ਰੀ! ਅਤੇ ਕਲੱਬ ਮੈਂਬਰ ਤੇ ਕਬੱਡੀ ਖਿਡਾਰੀਆ ਹੌਸਲਾ ਅਫ਼ਜਾਈ ਕੀਤਾ! ਅਤੇ ਕਬੱਡੀ ਟੂਰਨਾਮੈਂਟ ਦਾ ਆਨੰਦ ਮਾਣਿਆ,

# ਬਸਪਾ ਦੇ ਕੱਟੜ ਸਮਰਥਕ ਗੁਲਜ਼ਾਰ ਸਿੰਘ ਮੁੰਡੀਆ ਸਾਨੂੰ ਸਦਾ ਲਈ ਵਿਛੋੜਾ ਦੇ ਗਏ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 31 ਮਾਰਚ
INTERNATIONAL PAPER, 9463601616
hardipchumber57@gmail.com





ਬੰਗਾ (ਚਰਨਜੀਤ ਸੱਲ੍ਹਾ )ਆਪ ਸਭ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਬਹੁਜਨ ਸਮਾਜ ਪਾਰਟੀ ਤੇ ਸਾਹਿਬ ਸ੍ਰੀ ਕਾਂਸੀ ਰਾਮ ਜੀ ਦੇ ਕੱਟੜ ਸਮਰਥਕ ਸੀਨੀਅਰ ਆਗੂ ਸ ਗੁਲਜਾਰ ਸਿੰਘ ਮੁੰਡੀਆ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਕਿ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ । ਉਹਨਾਂ ਦੇ ਜਾਣ ਨਾਲ ਜਿੱਥੇ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ ਉਥੇ ਬਹੁਜਨ ਸਮਾਜ ਪਾਰਟੀ ਨੂੰ ਵੀ ਬਹੁਤ ਵੱਡਾ ਘਾਟਾ ਪਿਆ ਹੈ ਉਨਾਂ ਨੇ ਪਿੰਡ ਵਿੱਚ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਨਾਂ ਤੇ ਚੌਕ ਬਣਵਾਇਆ.ਤੇ ਰਹਿੰਦੀ ਦੁਨੀਆ ਤੱਕ ਉਨਾਂ ਨੂੰ ਯਾਦ ਕੀਤਾ ਜਾਵੇਗਾ. ਜਿਆਦਾ ਪੜ੍ਹਿਆ ਨਾ ਹੋਣ ਕਰਕੇ ਸ ਗੁਲਜਾਰ ਸਿੰਘ ਸਾਹਿਬ ਸ੍ਰੀ ਕਾਂਸੀ ਰਾਮ ਜੀ ਦਾ ਬਹੁਜਨ ਸਮਾਜ ਦੇ ਪੈਂਠ ਵਾਲੇ ਫਾਰਮੂਲੇ ਨਾਲ ਅਕਸਰ ਲੋਕਾਂ ਨੂੰ ਸਮਝਾਇਆ ਕਰਦੇ ਸਨ.ਅੱਤ ਦੀ ਗਰੀਬੀ ਵਿੱਚ ਜੁਝਦੇ ਹੋਏ ਪੰਜਾਬ ਅੰਦਰ ਬਹੁਜਨ ਸਮਾਜ ਦੇ ਹੱਥਾਂ ਵਿੱਚ ਸੱਤਾ ਵੇਖਣ ਦਾ ਅਧੂਰਾ ਸੁਪਨਾ ਅੱਖਾਂ ਵਿੱਚ ਲੈ ਕੇ ਅੱਜ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ ਅਜਿਹੇ ਸਿਰੜੀ, ਮਿਸਨਰੀ ਤੇ ਮਿਹਨਤੀ ਇਨਸਾਨ ਵਿਰਲੇ ਹੀ ਨਜਰ ਆਉਂਦੇ ਹਨ ਉਨਾਂ ਦਾ ਸੰਸਕਾਰ ਅੱਜ ਮਿਤੀ 30/03/25 ਦਿਨ ਐਤਵਾਰ ਨੂੰ ਉਹਨਾਂ ਦੇ ਜੱਦੀ ਪਿੰਡ ਮੁੰਡੀਆ ਵਿਖੇ ਕਰ ਦਿੱਤਾ ਗਿਆ ਹੈ.

# ਵਜਰਾ ਕੋਰ ਵੱਲੋਂ ਹੁਸ਼ਿਆਰਪੁਰ ਵਿਖੇ ਇੱਕ ਵਿਸ਼ਾਲ ਸਾਬਕਾ ਸੈਨਿਕ ਰੈਲੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 31 ਮਾਰਚ
INTERNATIONAL PAPER, 9463601616
hardipchumber57@gmail.com





ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਭਾਰਤੀ ਫੌਜ ਦੀ ਵਜਰਾ ਕੋਰ ਨੇ ਅੱਜ ਹੁਸ਼ਿਆਰਪੁਰ, ਪੰਜਾਬ ਵਿਖੇ ‘ਵੀਰੋਂ ਕਾ ਸਨਮਾਨ, ਦੇਸ਼ ਕਾ ਅਭਿਮਾਨ’ ਥੀਮ ਦੇ ਤਹਿਤ ਸਾਬਕਾ ਸੈਨਿਕਾਂ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਨ ਲਈ ਇੱਕ ਵਿਸ਼ਾਲ ਸਾਬਕਾ ਸੈਨਿਕ ਰੈਲੀ ਦਾ ਆਯੋਜਨ ਕੀਤਾ। ਇਸ ਸਮਾਗਮ ਵਿੱਚ ਹੁਸ਼ਿਆਰਪੁਰ ਅਤੇ ਨੇੜਲੇ ਜ਼ਿਲ੍ਹਿਆਂ ਦੇ 2,000 ਤੋਂ ਵੱਧ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਸ਼ਿਰਕਤ ਕੀਤੀ। ਲੈਫਟੀਨੈਂਟ ਜਨਰਲ ਅਜੈ ਚਾਂਦਪੁਰੀਆ, ਏਵੀਐਸਐਮ, ਵੀਐਸਐਮ, ਜਨਰਲ ਅਫਸਰ ਕਮਾਂਡਿੰਗ, ਵਜਰਾ ਕੋਰ ਨੇ ਉਨ੍ਹਾਂ ਦੀ ਕੁਰਬਾਨੀ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਫੌਜ ਦੇ ਅਟੁੱਟ ਸਮਰਥਨ ਦਾ ਭਰੋਸਾ ਦਿੱਤਾ ਵਿਸ਼ੇਸ਼ ਮੈਡੀਕਲ ਕੈਂਪ, ਰੁਜ਼ਗਾਰ ਅਤੇ ਕਾਨੂੰਨੀ ਸਹਾਇਤਾ ਕਾਊਂਟਰ ਅਤੇ ਪ੍ਰਮੁੱਖ ਬੈਂਕਾਂ ਤੋਂ ਵਿੱਤੀ ਮਾਰਗਦਰਸ਼ਨ ਨੇ ਹਾਜ਼ਰੀਨ ਨੂੰ ਹੋਰ ਮਦਦ ਕੀਤੀ। ਖੇਤੀਬਾੜੀ ਖੇਤਰ ਵਿੱਚ ਲੱਗੇ ਸਾਬਕਾ ਸੈਨਿਕਾਂ ਨੂੰ ਵਿਸ਼ਾ ਮਾਹਿਰਾਂ ਦੁਆਰਾ ਆਧੁਨਿਕ ਖੇਤੀਬਾੜੀ ਉਪਕਰਣਾਂ ਅਤੇ ਤਕਨੀਕਾਂ ਨਾਲ ਜਾਣੂ ਕਰਵਾਇਆ ਗਿਆ। ਇਸ ਸਮਾਗਮ ਵਿੱਚ ਇੱਕ ਸ਼ਾਨਦਾਰ ਪਾਈਪ ਬੈਂਡ ਪ੍ਰਦਰਸ਼ਨ, ਇੱਕ ਰਵਾਇਤੀ ਖੁਖਰੀ ਨਾਚ ਅਤੇ ਇੱਕ ਜੋਸ਼ੀਲਾ ਭੰਗੜਾ ਪ੍ਰਦਰਸ਼ਨ ਸ਼ਾਮਲ ਸੀ, ਜਿਸ ਵਿੱਚ ਫੌਜ ਦੀਆਂ ਜੰਗੀ ਪਰੰਪਰਾਵਾਂ ਅਤੇ ਪੰਜਾਬ ਦੀ ਅਮੀਰ ਵਿਰਾਸਤ ਦਾ ਸੁਮੇਲ ਸੀ। ਹਥਿਆਰਾਂ ਅਤੇ ਫੌਜੀ ਉਪਕਰਣਾਂ ਦੇ ਇੱਕ ਸ਼ਾਨਦਾਰ ਪ੍ਰਦਰਸ਼ਨ ਨੇ ਭਾਰਤੀ ਫੌਜ ਦੀ ਤਕਨੀਕੀ ਮੁਹਾਰਤ ਅਤੇ ਸੰਚਾਲਨ ਤਿਆਰੀ ਨੂੰ ਪ੍ਰਦਰਸ਼ਿਤ ਕੀਤਾ, ਜਿਸ ਨੇ ਸਥਾਨਕ ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਭਰਤੀ ਹੋਣ ਲਈ ਪ੍ਰੇਰਿਤ ਕੀਤਾ। ਇੱਕ ਸਮਰਪਿਤ ਅਗਨੀਵੀਰ ਰਜਿਸਟ੍ਰੇਸ਼ਨ ਕਾਊਂਟਰ ਨੇ ਦਿਲਚਸਪੀ ਰੱਖਣ ਵਾਲੇ ਉਮੀਦਵਾਰਾਂ ਨੂੰ ਭਰਤੀ ਰਜਿਸਟ੍ਰੇਸ਼ਨ ਵਿੱਚ ਮਦਦ ਕੀਤੀ। ਵਜਰਾ ਕੋਰ ਐਕਸ-ਸਰਵਿਸਮੈਨ ਰੈਲੀ ਨੇ ਫੌਜ ਦੇ ਆਪਣੇ ਸਾਬਕਾ ਸੈਨਿਕਾਂ ਨਾਲ ਡੂੰਘੇ ਸਬੰਧ ਨੂੰ ਮਜ਼ਬੂਤ ਕੀਤਾ। ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਤੋਂ ਇਲਾਵਾ, ਫੌਜ ਉਨ੍ਹਾਂ ਲੋਕਾਂ ਪ੍ਰਤੀ ਵਚਨਬੱਧ ਹੈ ਜਿਨ੍ਹਾਂ ਨੇ ਕਦੇ ਮਾਣ ਨਾਲ ਸੇਵਾ ਕੀਤੀ ਸੀ, ਇਹ ਯਕੀਨੀ ਬਣਾਉਂਦੇ ਹੋਏ ਕਿ ਹਰ ਨਾਇਕ ਦੀ ਕੁਰਬਾਨੀ ਦਾ ਸਨਮਾਨ ਕੀਤਾ ਜਾਵੇ ਅਤੇ ਉਸਨੂੰ ਕਦੇ ਨਾ ਭੁਲਾਇਆ ਜਾਵੇ। ਇਸ ਮੌਕੇ ‘ਤੇ ਐਸ.ਐਸ. ਪੀ. ਸੰਦੀਪ ਕੁਮਾਰ ਮਲਿਕ, ਐਸ.ਪੀ. ਨਵਨੀਤ ਕੌਰ ਗਿੱਲ, ਐਸ.ਡੀ.ਐਮ. ਹੁਸ਼ਿਆਰਪੁਰ ਸੰਜੀਵ ਕੁਮਾਰ, ਐਸ.ਡੀ. ਐਮ. ਟਾਂਡਾ ਪੰਕਜ ਕੁਮਾਰ, ਲੈਫਟਿਨੈਂਟ ਜਨਰਲ(ਰਿਟਾ.) ਜੇ.ਐਸ. ਢਿੱਲੋਂ ਦੇ ਇਲਾਵਾ ਫੌਜ, ਸਿਵਲ ਪ੍ਰਸ਼ਾਸਨ ਅਤੇ ਪੁਲਿਸ ਵਿਭਾਗ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ 5 ਪਿੰਡਾਂ ਵਿੱਚ ਲਿੰਕ ਸੜਕਾਂ ਤੇ ਫਿਰਨੀਆਂ ਬਣਾਉਣ ਦੇ ਕਾਰਜਾਂ ਦੀ ਸ਼ੁਰੂਆਤ ਕੀਤੀ

## ਕਰੀਬ 6 ਕਿਲੋਮੀਟਰ ਸੜਕਾਂ ਦੇ ਨਿਰਮਾਣ ਉਤੇ ਕਰੀਬ 85 ਲੱਖ ਰੁਪਏ ਆਵੇਗੀ ਲਾਗਤ, ਲਿੰਕ ਸੜਕਾਂ ਦੇ ਨਿਰਮਾਣ ਨਾਲ ਵਾਹਨਾਂ ਦੀ ਆਵਾਜਾਈ ਵੀ ਹੋਵੇਗੀ ਸੌਖਾਲੀ, ਸੜਕਾਂ ਦੇ ਕਈ ਹੋਰ ਪ੍ਰੋਜੈਕਟ ਪ੍ਰਗਤੀ ਅਧੀਨ: ਬਰਿੰਦਰ ਕੁਮਾਰ ਗੋਇਲ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 31 ਮਾਰਚ
INTERNATIONAL PAPER, 9463601616
hardipchumber57@gmail.com



ਦਲਜੀਤ ਕੌਰ

ਲਹਿਰਾ/ਸੰਗਰੂਰ, 30 ਮਾਰਚ, 2025: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਲਹਿਰਾ ਦੀ ਨੁਹਾਰ ਨੂੰ ਸੰਵਾਰਨ ਲਈ ਕਰੋੜਾਂ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟ ਪ੍ਰਗਤੀ ਅਧੀਨ ਹਨ ਅਤੇ ਇਹ ਪ੍ਰੋਜੈਕਟ ਪਿੰਡਾਂ ਅਤੇ ਸ਼ਹਿਰਾਂ ਵਿੱਚ ਵੱਸਦੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਪ੍ਰਮੁੱਖਤਾ ਨਾਲ ਪੂਰਾ ਕਰਨਗੇ। ਇਹ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਹਲਕਾ ਲਹਿਰਾ ਦੇ 5 ਪਿੰਡਾਂ ਵਿੱਚ ਲਿੰਕ ਸੜਕਾਂ ਤੇ ਫਿਰਨੀਆਂ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕਰਨ ਮੌਕੇ ਕੀਤਾ। ਉਹਨਾਂ ਕਿਹਾ ਕਿ ਪਿੰਡ ਕੋਟੜਾ, ਗੋਬਿੰਦਪੁਰਾ ਜਵਾਹਰਵਾਲਾ, ਬਖੌਰਾ ਖੁਰਦ, ਬਖੌਰਾ ਕਲਾਂ, ਗੁਰਨੇ ਕਲਾਂ ਅਤੇ ਅਲੀਸ਼ੇਰ ਦੀਆਂ ਇਹਨਾਂ ਸੜਕਾਂ ਦੀ ਹਾਲਤ ਕਾਫੀ ਤਰਸਯੋਗ ਹੈ ਜਿਨਾਂ ਦਾ ਮੁੜ ਨਿਰਮਾਣ ਕਰਵਾਉਣਾ ਸਮੇਂ ਦੀ ਅਹਿਮ ਲੋੜ ਹੈ।

ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਅਲੀਸ਼ੇਰ ਤੋਂ ਮੰਦਰ ਮਾਤਾ ਸ਼ੇਰਾਂਵਾਲੀ ਅਤੇ ਸਕੂਲ, ਫਿਰਨੀ ਪਿੰਡ ਕੋਟੜਾ, ਹਾਈ ਸਕੂਲ ਬਖੌਰਾ ਕਲਾਂ, ਗੁਰਨੇ ਕਲਾਂ ਗੁਰਦੁਆਰਾ ਸਾਹਿਬ ਦੀ ਫਿਰਨੀ, ਗੋਬਿੰਦਪੁਰਾ ਜਵਾਹਰ ਵਾਲਾ ਤੋਂ ਕੋਟੜਾ ਲਹਿਲ, ਬਖੌਰਾ ਖੁਰਦ ਦੀ ਫਿਰਨੀ ਦੀਆਂ ਸੜਕਾਂ ਦੇ ਨਿਰਮਾਣ ਦੀ ਜ਼ਿੰਮੇਵਾਰੀ ਲੋਕ ਨਿਰਮਾਣ ਵਿਭਾਗ ਨੂੰ ਸੌਂਪਦਿਆਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਨਿਰਧਾਰਤ ਸਮਾਂ ਸੀਮਾ ਅੰਦਰ ਨਿਰਮਾਣ ਨੂੰ ਪੂਰਾ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਲਗਭਗ 6 ਕਿਲੋਮੀਟਰ ਸੜਕਾਂ ਦੇ ਨਿਰਮਾਣ ਉਤੇ ਕਰੀਬ 85 ਲੱਖ ਰੁਪਏ ਦੀ ਲਾਗਤ ਆਵੇਗੀ।

ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਲਿੰਕ ਸੜਕਾਂ ਅੱਗੇ ਮੁੱਖ ਸੜਕਾਂ ਨਾਲ ਮਿਲਦੀਆਂ ਹਨ ਅਤੇ ਹਾੜੀ ਤੇ ਸਾਉਣੀ ਦੇ ਸੀਜ਼ਨ ਦੌਰਾਨ ਇਹਨਾਂ ਸੜਕਾਂ ਉੱਤੇ ਫਸਲ ਦੀ ਢੋਆ ਢੁਆਈ ਕਰਨ ਵਾਲੇ ਵਾਹਨਾਂ ਦੀ ਆਵਾਜਾਈ ਨਿਰੰਤਰ ਜਾਰੀ ਰਹਿੰਦੀ ਹੈ ਅਤੇ ਸੜਕਾਂ ਦੇ ਬਣਨ ਨਾਲ ਵਾਹਨ ਚਾਲਕ ਵੱਡੀ ਰਾਹਤ ਮਹਿਸੂਸ ਕਰਨਗੇ। ਉਹਨਾਂ ਦੱਸਿਆ ਕਿ ਇਸੇ ਤਰ੍ਹਾਂ ਕੁਝ ਸੜਕਾਂ ਉੱਤੇ ਧਾਰਮਿਕ ਅਸਥਾਨ ਅਤੇ ਸਕੂਲ ਵੀ ਸਥਿਤ ਹਨ ਅਤੇ ਇਹਨਾਂ ਦੇ ਬਣਨ ਨਾਲ ਸ਼ਰਧਾਲੂਆਂ ਅਤੇ ਵਿਦਿਆਰਥੀਆਂ ਨੂੰ ਫਾਇਦਾ ਹੋਵੇਗਾ। ਸ਼੍ਰੀ ਗੋਇਲ ਨੇ ਕਿਹਾ ਕਿ ਹਲਕਾ ਲਹਿਰਾ ਦੇ ਹਰ ਵਸਨੀਕ ਦੀਆਂ ਲੋੜਾਂ ਤੋਂ ਉਹ ਭਲੀਭਾਂਤ ਵਾਕਫ਼ ਹਨ ਅਤੇ ਪੜਾਅਵਾਰ ਢੰਗ ਨਾਲ ਵਿਕਾਸ ਕਾਰਜ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਲਹਿਰਾ ਤੋਂ ਮੂਣਕ ਅਤੇ ਮੂਣਕ ਤੋਂ ਖਨੌਰੀ ਸੜਕਾਂ ਵੀ ਪਾਸ ਹੋ ਚੁੱਕੀਆਂ ਹਨ ਅਤੇ ਅਗਲੇ ਇੱਕ ਦੋ ਮਹੀਨਿਆਂ ਵਿੱਚ ਉਹਨਾਂ ਦੇ ਕੰਮ ਵੀ ਸ਼ੁਰੂ ਹੋ ਜਾਣਗੇ। ਉਹਨਾਂ ਕਿਹਾ ਕਿ ਜਿਹੜੀਆਂ ਸੜਕਾਂ ਨੂੰ 10 ਫੁੱਟ ਤੋਂ ਵਧਾ ਕੇ 18 ਫੁੱਟ ਚੌੜਾ ਕਰਵਾਇਆ ਜਾਣਾ ਹੈ ਉਹਨਾਂ ਲਈ ਵੀ ਯੋਜਨਾਵਾਂ ਪ੍ਰਗਤੀ ਅਧੀਨ ਹਨ ਅਤੇ ਹਲਕਾ ਲਹਿਰਾ ਵਿੱਚ ਸੜਕੀ ਪ੍ਰੋਜੈਕਟਾਂ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਨ ਲਈ ਉਹ ਵਚਨਬੱਧ ਹਨ।

ਇਸ ਮੌਕੇ ਪੀ.ਏ ਰਾਕੇਸ਼ ਕੁਮਾਰ ਗੁਪਤਾ, ਐਸਡੀਓ ਸੁਖਵੀਰ ਸਿੰਘ, ਗੋਰਖਾ ਸਿੰਘ ਸਰਪੰਚ ਪਿੰਡ ਕੋਟੜਾ, ਨਿਰਮਲ ਸਿੰਘ, ਹਰਜੀਤ ਸਿੰਘ, ਰਿੰਕੂ ਸਿੰਘ, ਮਿੱਠੂ ਸਿੰਘ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਪਿੰਡ ਗੋਬਿੰਦਪੁਰਾ ਜਵਾਹਰਵਾਲਾ, ਹਰਵਿੰਦਰ ਸਿੰਘ ਸਰਪੰਚ ਗੋਬਿੰਦਪੁਰ ਜਵਾਹਰ ਵਾਲਾ, ਵਿੱਕੀ ਕੁਮਾਰ, ਮੇਜਰ ਸਿੰਘ, ਗੁਰਦੀਪ ਸਿੰਘ, ਗੁਰਲਾਲ ਸਿੰਘ ਸਰਪੰਚ ਬਖੋਰਾ ਕਲਾਂ, ਗੁਰਤੇਜ ਸਿੰਘ ਗੁਰਨੇ ਕਲਾਂ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਸਰਪੰਚ, ਗ੍ਰਾਮ ਪੰਚਾਇਤਾਂ ਅਤੇ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰ ਹਾਜ਼ਰ ਸਨ।

# ਬੰਬੇ ਸੈਪਰਸ ਦੀ ਬਹਾਦਰ ਯੂਨਿਟ 111 ਇੰਜਨੀਅਰ ਰੈਜਮੈਂਟ ਵੱਲੋ 59ਵਾਂ ਸਥਾਪਨਾ ਦਿਵਸ ਮਨਾਇਆ ਗਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 31 ਮਾਰਚ
INTERNATIONAL PAPER, 9463601616
hardipchumber57@gmail.com



31ਮਾਰਚ 2025 (ਬੇਅੰਤ ਸਿੰਘ ਰੋਹਟੀ ਖਾਸ) ਭਾਰਤ ਦੇਸ਼ ਦੀ ਤਨ ਦੇਹੀ ਨਾਲ ਸੇਵਾ ਕਰਨ ਵਾਲੀ ਬੰਬੇ ਸੈਪਰਸ ਦੀ ਬਹਾਦਰ ਯੂਨਿਟ 111 ਇੰਜਨੀਅਰ ਰੈਜੀਮੈਂਟ ਵੱਲੋ ਬਰਨਾਲਾ ਸਹਿਰ ਦੇ ਹੋਟਲ ਸੀਸ ਮਹਿਲ ਵਿਖੇ 59ਵਾਂ ਸਥਾਪਨਾ ਦਿਵਸ ਮਨਾਇਆ ਗਿਆ।ਸਾਡੇ ਰੋਜ਼ਾਨਾ ਹਲਚਲ ਅਖਬਾਰ ਦੇ ਮੁੱਖ ਸੰਪਾਦਕ ਬੇਅੰਤ ਸਿੰਘ ਰੋਹਟੀ ਖਾਸ ਨਾਲ ਇੱਕ ਸੌ ਗਿਆਰਾਂ ਚੱਕਦੇ ਯਾਰਾਂ ਦੇ ਨਿਧੜਕ ਯੋਧੇ ਸੂਬੇਦਾਰ ਗੁਰਜੰਟ ਸਿੰਘ ਸ਼ੇਰ ਸਿੰਘ ਪੁਰਾ ਬਰਨਾਲਾ ਨੇ ਫੋਨ ਤੇ ਰਾਬਤਾ ਕਾਇਮ ਕਰਦਿਆ ਦੱਸਿਆ ਹੈ। ਅੱਜ ਦੇ ਇਸ ਪ੍ਰੋਗਰਾਮ ਵਿੱਚ ਪੰਜਾਬ ਦੇ ਕਰੀਬ ਰੈਜੀਮੈਂਟ ਦੇ ਜਵਾਨਾਂ ਨੇ ਹਿੱਸਾ ਲਿਆ। ਅਤੇ ਪ੍ਰੋਗਰਾਮ ਦੀ ਸੁਰੂਅਤ ਕੇਕ ਕੱਟਣ ਦੀ ਰਸਮ ਨਾਲ ਕੀਤੀ ਗਈ। ਮੁੱਖ ਮਹਿਮਾਨ ਦੇ ਰੂਪ ਵਿੱਚ ਕੈਪਟਨ ਮਹਿੰਦਰ ਸਿੰਘ ਅਤੇ ਇੰਜਨੀਅਰ ਗੁਰਜਿੰਦਰ ਸਿੰਘ ਸਿੱਧੂ ਹਾਜ਼ਰ ਹੋਏ। ਉਹਨਾਂ ਅੱਗੇ ਹੋਰ ਜਾਣਕਾਰੀ ਦਿੰਦਿਆ ਦੱਸਿਆ ਹੈ। ਕੈਪਟਨ ਮੋਹਿੰਦਰ ਸਿੰਘ ਨੇ ਰੈਜੀਮੈਂਟ ਦੇ ਜਵਾਨਾਂ ਵੱਲੋ ਕੀਤੀਆ ਸੇਵਾਵਾਂ ਦਾ ਵੇਰਵਾ ਸਾਂਝਾ ਕੀਤਾ। ਅਤੇ ਸ, ਇੰਜਨੀਅਰ ਗੁਰਜਿੰਦਰ ਸਿੰਘ ਸਿੱਧੂ ਜੀ ਨੇ ਦੱਸਿਆ। ਕਿ ਸਾਡੇ ਨੌਜਵਾਨ ਯੋਧਿਆ ਵੱਲੋ ਹਰੇਕ ਜੰਗ ਵਿੱਚ ਜਬਰਦਸਤ ਰੋਲ ਨਿਭਾਇਆ। ਪਰ ਸਮੇ ਦੀਆ ਸਰਕਾਰਾਂ ਵੱਲੋ ਸਾਨੂੰ ਅਣਦੇਖਿਆ ਕੀਤਾ ਜਾਂਦਾ ਹੈ। ਸੂਬੇਦਾਰ ਗੁਰਜੰਟ ਸਿੰਘ ਨੇ ਦੱਸਿਆ ਕਿ ਪੰਜਾਬ ਭਰ ਤੋ ਜਿਵੇ ਸੂਬੇਦਾਰ ਮੇਜਰ ਹਰਦੀਪ ਸਿੰਘ ਰੰਧਾਵਾ,ਪ੍ਰਧਾਨ ਸਾਬਕਾ ਸੈਨਿਕ ਯੂਨਾਈਟਡ ਵੈਲ ਫਾਇਰ ਸੁਸਾਇਟੀ, ਸ, ਸੂਬੇਦਾਰ ਮੁਖਤਿਆਰ ਸਿੰਘ, ਸੂਬੇਦਾਰ ਜੀਤ ਸਿੰਘ, ਹੋਲਦਾਰ ਨਾਹਰ ਸਿੰਘ ਸਾਬਕਾ ਸਰਪੰਚ ਸ਼ੇਰ ਸਿੰਘ ਪੁਰਾ, ਸੂਬੇ, ਅਮਰਜੀਤ ਸਿੰਘ, ਜਗਤਾਰ ਸਿੰਘ, ਚਮਕੌਰ ਸਿੰਘ, ਭੋਲਾ ਸਿੰਘ, ਰਮਨ ਅਸਿੰਘ, ਬਲਜੀਤ ਸਿੰਘ, ਰਣਜੀਤ ਸਿੰਘ, ਅਵਤਾਰ ਸਿੰਘ,,ਐਮ ਡੀ,,ਆਲਵੇਜ ਫਾਸਟ ਸਕਿਉਰਿਟੀ ਕੰਪਨੀ, ਗੁਰਮੀਤ ਸਿੰਘ ਨਾਈਵਾਲਾ, ਬੂਟਾ ਸਿੰਘ, ਪਾਲ ਸਿੰਘ, ਗੁਰਚਰਨ ਸਿੰਘ, ਕੁਲਵੀਰ ਸਿੰਘ, ਸੋਹਣ ਸਿੰਘ, ਗੁਰਦਿੱਤ ਸਿੰਘ ਨਾਈਵਾਲਾ, ਅਤੇ ਹੋਰ ਵੀ ਪਤਵੰਤੇ ਸੱਜਣਾਂ ਵੱਲੋ ਹਾਜ਼ਰੀ ਲਗਵਾਈ ਗਈ। ਲੇਖਕ ਮੱਖਣ ਮਿੱਤਲ ਸਹਿਣੇ ਵਾਲਾ ਨੇ ਦੇਸ਼ ਭਗਤੀ ਦੇ ਗੀਤ ਸ਼ੇਅਰ ਰਾਹੀ ਰੰਗ ਬੰਨਿਆ। ਸ,ਦੇਵਿੰਦਰ ਸਿੰਘ ਵੱਲੋ ਤੂੰਬੀ ਰਾਹੀ ਫੌਜੀ ਵੀਰਾਂ ਦੇ ਮਨ ਪੰਸਦੀ ਗੀਤ ਸੁਣਾਏ। ਸਟੇਜ ਸਕੱਤਰ ਦੀ ਡਿਊਟੀ ਹੋਲਦਾਰ ਜਸਵੀਰ ਸਿੰਘ ਖੁੱਡੀ ਕਲਾਂ ਵੱਲੋ ਵਾ ਖੂਬੀ ਨਿਭਾਈ ਗਈ। ਅੰਤ ਵਿੱਚ ਸੂਬੇਦਾਰ ਗੁਰਜੰਟ ਸਿੰਘ ਵੱਲੋ ਆਏ ਮਿੱਤਰਾ ਨੂੰ ਵਧਾਈ ਦਿੰਦਿਆ ਸਭ ਦਾ ਧੰਨਵਾਦ ਕੀਤਾ।

# ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਜੀ ਦਾ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀ ਫੋਟੋ ਨਾਲ ਸਨਮਾਨ ਕੀਤਾ ਗਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com



ਨਵਾਂਸ਼ਹਿਰ (ਚਰਨਜੀਤ ਸੱਲ੍ਹਾ )ਪੰਜਾਬ ਸੂਬੇ ਦਾ ਸਲਾਨਾ ਬਜਟ ਪੇਸ਼ ਕਰਨ ਤੋਂ ਬਾਅਦ ਖੁਸ਼ ਗਵਾਰ ਪਲਾਂ ਵਿੱਚ ਵਿੱਤ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ ਜੀ ਦੀ ਰਿਹਾਇਸ਼ ਤੇ ਪੁੱਜਕੇ ਆਮ ਆਦਮੀ ਪਾਰਟੀ ਦੇ ਆਗੂ ਸਾਹਿਬਾਨਾਂ ਤੇ ਵਿਧਾਇਕਾਂ ਨੇ ਵਿੱਤ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ ਜੀ ਦਾ ਧੰਨਵਾਦ ਕਰਦਿਆਂ ਹੋਏ ਬਾਬਾ ਸਾਹਿਬ ਅੰਬੇਡਕਰ ਦੀ ਫੋਟੋ ਦੇਕੇ ਸਨਮਾਨ ਕੀਤਾ। ਇਸ ਮੌਕੇ ਵਿਧਾਇਕ ਅਤੇ ਪੰਜਾਬ ਐਸ.ਸੀ. ਵਿੰਗ ਦੇ ਪ੍ਰਧਾਨ ਤੇ ਵਿਧਾਇਕ ਸ੍ਰੀ ਕੁਲਵੰਤ ਪੰਡੋਰੀ ਜੀ, ਵਿਧਾਇਕ ਅਤੇ ਕੰਨਵੇਅਰ ਦੇ ਚੇਅਰਮੈਨ ਡਾ ਸੁਖਵਿੰਦਰ ਸੁੱਖੀ ਜੀ, SC ਕਮਿਸ਼ਨ ਪੰਜਾਬ ਦੇ ਚੇਅਰਮੈਨ ਸ ਜਸਵੀਰ ਸਿੰਘ ਗੜ੍ਹੀ ਜੀ, ਵਿਧਾਇਕ ਡਾਕਟਰ ਨਛੱਤਰ ਪਾਲ ਜੀ ਬਸਪਾ, ਵਿਧਾਇਕ ਬੁੱਧ ਸਿੰਘ ਬੁਢਲਾਡਾ ਜੀ, ਵਿਧਾਇਕ ਸ੍ਰੀ ਦੇਵ ਮਾਨ ਜੀ ਨਾਭਾ, ਵਿਧਾਇਕ ਰਜਨੀਸ਼ ਕੁਮਾਰ ਦਹੀਆ ਜੀ, ਸ੍ਰੀ ਗੁਰਲਾਲ ਸੈਲਾ ਜੀ, ਡਾਕਟਰ ਜਸਪ੍ਰੀਤ ਬੀਜਾ ਜੀ, ਵਿਧਾਇਕ ਜਸਵੀਰ ਸਿੰਘ ਸੰਧੂ ਜੀ, ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਜੀ, ਵਿਧਾਇਕ ਫੌਜਾਂ ਸਿੰਘ ਸਰਾਰੀ ਜੀ, ਵਿਧਾਇਕ ਮਨਵਿੰਦਰ ਸਿੰਘ

# ਸਸਟੇਨੇਬਲ ਡਿਵੈਲਪਮੈਂਟ ਦੇ ਵਿਸ਼ੇ ਦੇ ਸੰਬੰਧ ਵਿੱਚ ਕੈਮਿਸਟਰੀ ਵਿਭਾਗ ਵੱਲੋਂ ਪੋਸਟਰ ਮੇਕਿੰਗ ਤੇ ਭਾਸ਼ਣ ਮੁਕਾਬਲੇ ਕਰਵਾਏ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com



ਨਵਾਂਸ਼ਹਿਰ / ਬੰਗਾ (ਸਤਨਾਮ ਸਿੰਘ ਸਹੂੰਗੜਾ) ਸਿੱਖ ਨੈਸ਼ਨਲ ਕਾਲਜ ਬੰਗਾ ਦੇ ਕੈਮਿਸਟਰੀ ਵਿਭਾਗ ਵੱਲੋਂ ਪ੍ਰਿੰਸੀਪਲ ਤਰਸੇਮ ਸਿੰਘ ਭਿੰਡਰ ਦੀ ਰਹਿਨੁਮਾਈ ਹੇਠ ਸਸਟੇਨੇਬਲ ਡਿਵੈਲਪਮੈਂਟ ਦੇ ਵਿਸ਼ੇ ਨੂੰ ਮੁੱਖ ਰੱਖਦਿਆਂ ਪੋਸਟਰ ਮੇਕਿੰਗ ਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਇਸ ਮੁਕਾਲਿਆ ਦੇ ਮੁੱਖ ਉਦੇਸ਼ ਬਾਰੇ ਜਾਣਕਾਰੀ ਦਿੰਦਿਆਂ ਕੈਮਿਸਟਰੀ ਵਿਭਾਗ ਦੇ ਮੁਖੀ ਡਾ ਅੰਮ੍ਰਿਤ ਕੌਰ ਵੱਲੋਂ ਦੱਸਿਆ ਕਿ ਸਸਟੇਨੇਬਲ ਡਿਵੈਲਪਮੈਂਟ ਧਰਤੀ ਤੇ ਮਨੁੱਖੀ ਜੀਵਨ ਦੇ ਲਈ ਇੱਕ ਆਯੋਜਨ ਸਿਧਾਂਤ ਹੁੰਦਾ ਹੈ। ਇਸ ਵਿੱਚ ਵਿਕਾਸ ਦੀਆਂ ਨੀਤੀਆਂ ਬਣਾਉਂਦੇ ਵਕਤ ਇਸ ਗੱਲ ਦਾ ਧਿਆਨ ਰੱਖਿਆ ਜਾਂਦਾ ਹੈ ਕਿ ਮਨੁੱਖ ਦੀਆਂ ਨਾ ਕੇਵਲ ਵਰਤਮਾਨ ਲੋੜਾਂ ਦੀ, ਬਲਕਿ ਅਨੰਤ ਕਾਲ ਤੱਕ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਸੁਨਿਸ਼ਚਿਤ ਹੋ ਸਕੇ। ਇਸ ਵਿੱਚ ਕੁਦਰਤੀ ਪਰਿਆਵਰਣ ਦੀ ਸੁਰੱਖਿਆ ਅਤੇ ਸਾਂਭ ਸੰਭਾਲ ਉੱਤੇ ਅਤੇ ਸਾਧਨਾਂ ਦੀ ਸੰਜਮੀ ਵਰਤੋਂ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ। ਇਸ ਮੁਕਾਬਲੇ ਵਿੱਚ 12 ਵਿਦਿਆਰਥੀਆਂ ਵੱਲੋਂ ਭਾਗ ਲਿਆ ਗਿਆ। ਵਿਦਿਆਰਥੀਆਂ ਵੱਲੋਂ ਸਸਟੇਨੇਬਲ ਡਿਵੈਲਪਮੈਂਟ ਨਾਲ ਸਬੰਧਤ ਪੋਸਟਰ ਬਣਾ ਕੇ ਤੇ ਭਾਸ਼ਣ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਈ ਗਈ ।ਇਹਨਾਂ ਮੁਕਾਬਲਿਆਂ ਵਿੱਚ ਜੱਜਮੈਂਟ ਦੀ ਭੂਮਿਕਾ ਡਾ ਅੰਮ੍ਰਿਤ ਕੌਰ ਤੇ ਡਾ ਜੋਤੀ ਪ੍ਰਕਾਸ਼ ਵੱਲੋਂ ਨਿਭਾਈ ਗਈ। ਪੋਸਟਰ ਮੇਕਿੰਗ ਮੁਕਾਬਲਿਆਂ ਵਿਚ ਮਨਦੀਪ ਕੌਰ ਨੇ ਪਹਿਲਾ, ਹਰਮਨਦੀਪ ਕੌਰ ਦੂਜਾ,ਦੀਪਤੀ ਤੇ ਲੀਪਾਕਸ਼ੀ ਤੀਜੇ ਸਥਾਨ ਤੇ ਰਹੇ। ਭਾਸ਼ਣ ਮੁਕਾਬਲਿਆਂ ਵਿੱਚ ਮਨਜੋਤ ਕੌਰ ਤੇ ਬਲਜੀਤ ਸਿੰਘ ਨੇ ਸਥਾਨ ਪ੍ਰਾਪਤ ਕੀਤੇ। ਇਸ ਮੌਕੇ ਪ੍ਰਿੰ ਤਰਸੇਮ ਸਿੰਘ ਭਿੰਡਰ ਹੁਰਾਂ ਨੇ ਵਿਸ਼ੇਸ਼ ਸ਼ਮੂਲੀਅਤ ਕੀਤੀ ਤੇ ਉਹਨਾਂ ਨੇ ਕਿਹਾ ਸਸਟੇਨੇਬਲ ਡਿਵੈਲਪਮੈਂਟ ਵਿਸ਼ੇ ਦੀ ਗਹਿਰਾਈ ਨੂੰ ਸਮਝਦਿਆ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਵਿਸ਼ਿਆ ਤੇ ਜ਼ਰੂਰੀ ਕੇਂਦਰਿਤ ਹੋਣ ਲਈ ਕਿਹਾ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਉਰਜਾ ਸਾਧਨਾਂ ਤੇ ਵਾਤਾਵਰਣ ਨੂੰ ਸੁਰੱਖਿਅਤ ਕੀਤਾ ਜਾ ਸਕੇ। ਉਨ੍ਹਾਂ ਕੈਮਿਸਟਰੀ ਵਿਭਾਗ ਦੀ ਇਹ ਮੁਕਾਬਲੇ ਕਰਵਾਉਣ ਤੇ ਸ਼ਲਾਘਾ ਵੀ ਕੀਤੀ। ਇਸ ਮੌਕੇ ਕੈਮਿਸਟਰੀ ਵਿਭਾਗ ਦੇ ਮੁਖੀ ਡਾ ਅੰਮ੍ਰਿਤ ਕੌਰ, ਡਾ ਜੋਤੀ ਪ੍ਰਕਾਸ਼ ,ਡਾ ਹਰਜੋਤ ਸਿੰਘ , ਸ ਬਲਜਿੰਦਰ ਸਿੰਘ, ਮੈਡਮ ਸੀਮਾ ਸ਼ਰਮਾ ਦੇ ਇਲਾਵਾ ਸਮੂਹ ਕੈਮਿਸਟਰੀ ਵਿਭਾਗ ਹਾਜ਼ਰ ਰਿਹਾ।

# ਪਹਿਲੀ ਵਰ੍ਹੇਗੰਢ ਮੌਕੇ ਗੁਰੂ ਘਰਾਂ ਵਿੱਚ ਹੁਕਮਨਾਮਾ ਸਾਹਿਬ ਲਈ ਦਾਨ ਕੀਤੀਆਂ ਐਲਸੀਡੀ ਟੀਵੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com



ਭੀਖੀ,31 ਮਾਰਚ( ਕਮਲ ਜਿੰਦਲ )

ਪਿੰਡ ਸਮਾਉ ਦੇ ਸਾਬਕਾ ਸਰਪੰਚ ਅਤੇ ਬੀਜੇਪੀ ਦੇ ਆਗੂ ਡਾਕਟਰ ਗੁਰਤੇਜ ਸਿੰਘ ਚਹਿਲ ਨੇ ਆਪਣੇ ਬੇਟੇ ਆਫਤਾਬ ਸਿੰਘ ਅਤੇ ਨੂੰਹ ਰਾਣੀ ਬੇਟੀ ਵਤਨਪ੍ਰੀਤ ਕੌਰ ਦੀ ਪਹਿਲੀ ਮੈਰਿਜ ਐਨਵਰਸਰੀ ਤੇ ਆਪਣੇ ਪਿੰਡ ਗੁਰਦੁਆਰਾ ਸਾਹਿਬ ਅਤੇ ਪਿੰਡ ਬੁਰਜ ਰਾਠੀ ਦੇ ਗੁਰਦੁਆਰਾ ਸਾਹਿਬ ਲਈ ਸਵੇਰ ਦੇ ਸਮੇਂ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਨ ਸਮੇਂ ਹੁਕਮਨਾਮਾ ਸਾਹਿਬ ਨੂੰ ਪੜ੍ਹਨ ਲਈ ਆਉਂਦੀਆਂ ਸੰਗਤਾਂ ਲਈ ਆਪਣੇ ਬੇਟੇ ਅਤੇ ਬੇਟੀ ਦੀ ਵਿਆਹ ਦੀ ਵਰ੍ਹੇਗੰਢ ਦੀ ਖੁਸ਼ੀ ਵਿੱਚ ਦੋ ਐਲਸੀਡੀ ਟੀਵੀ ਦਾਨ ਕੀਤੀਆਂ ਹਨ,ਇਸ ਮੌਕੇ ਬੁਰਜ ਰਾਠੀ ਦੇ ਗੁਰੂ ਘਰ ਦੀ ਕਮੇਟੀ ਦੇ ਪ੍ਰਧਾਨ ਤੇ ਹੈਡ ਗ੍ਰੰਥੀ ਮੰਦਰ ਸਿੰਘ, ਕਾਲਾ ਸਿੰਘ, ਹਾਕਮ ਸਿੰਘ, ਭੋਲਾ ਸਿੰਘ, ਦੇਸ ਰਾਜ ਸਿੰਘ ਅਤੇ ਬੇਟੀ ਦੇ ਪਿਤਾ ਕੁਲਦੀਪ ਸਿੰਘ ਅਤੇ ਸਮਾਓ ਗੁਰੂ ਘਰ ਦੇ ਗ੍ਰੰਥੀ ਰਣਜੀਤ ਸਿੰਘ ਅਤੇ ਦਰਸ਼ਨ ਸਿੰਘ ਆਦਿ ਨੇ ਗੁਰਤੇਜ ਸਿੰਘ ਚਹਿਲ ਅਤੇ ਇੰਦਰਜੀਤ ਕੌਰ ਚਹਿਲ ਦਾ ਧੰਨਵਾਦ ਕੀਤਾ।

# ਪੰਜਾਬ ਸਰਕਾਰ ਕਿਸਾਨਾਂ ਦੇ ਨਾਲ ਸੀ, ਹੈ ਅਤੇ ਰਹੇਗੀ - ਅਮਨ ਅਰੋੜਾ

## ਅਰੋੜਾ ਮਹਾਸਭਾ ਪੰਜਾਬ ਵਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ 'ਚ ਯੋਗਦਾਨ ਪਾਉਣ ਲਈ ਸੰਸਥਾ ਦਾ ਧੰਨਵਾਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਦੇ ਸੂਚਨਾ ਤਕਨੋਲਜੀ, ਸੁਚੱਜਾ ਪ੍ਰਸ਼ਾਸਨ, ਰੋਜ਼ਗਾਰ ਉਤਪਤੀ, ਸਿਖਲਾਈ ਤੇ ਹੁਨਰ ਵਿਕਾਸ ਮੰਤਰੀ ਅਮਨ ਅਰੋੜਾ ਨੇ ਅੱਜ ਇਥੇ ਕਿਹਾ ਕਿ ਸੂਬਾ ਸਰਕਾਰ ਰਾਜ ਦੇ ਕਿਸਾਨਾਂ ਦੇ ਨਾਲ ਖੜ੍ਹੀ ਸੀ, ਖੜ੍ਹੀ ਹੈ ਅਤੇ ਖੜ੍ਹੀ ਰਹੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਕਿਸਾਨਾਂ ਦੀਆਂ ਜਾਇਜ਼ ਮੰਗਾਂ ਮੰਨੀਆਂ ਗਈਆਂ ਹਨ ਅਤੇ ਰਹਿੰਦੀਆਂ ਮੰਗਾਂ ਮਨਵਾਉਣ ਲਈ ਕੇਂਦਰ ਕੋਲ ਜ਼ੋਰਦਾਰ ਢੰਗ ਨਾਲ ਆਵਾਜ਼ ਉਠਾਵਾਂਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਹਿੱਤਾਂ ਪ੍ਰਤੀ ਪੂਰੀ ਤਰ੍ਹਾਂ ਗੰਭੀਰ ਅਤੇ ਵਚਨਬੱਧ ਹੈ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ 'ਤੇ ਮੋਹਰ ਲਾ ਚੁੱਕੀ ਹੈ। ਪੱਤਰਕਾਰਾਂ ਵਲੋਂ ਕਾਂਗਰਸੀ ਲੀਡਰ ਪ੍ਰਤਾਪ ਸਿੰਘ ਬਾਜਵਾ ਵਲੋਂ ਦਿੱਤੇ ਇੱਕ ਬਿਆਨ ਬਾਰੇ ਪੁੱਛੇ ਜਾਣ 'ਤੇ ਕੈਬਨਿਟ ਮੰਤਰੀ ਨੇ ਕਿਹਾ ਕਿ ਲੋਕਾਂ ਵਲੋਂ ਨਕਾਰੀ ਕਾਂਗਰਸ ਪਾਰਟੀ ਦੇ ਆਗੂ ਸਤਾ ਹਾਸਲ ਕਰਨ ਦੇ ਸਬਜ਼ਬਾਗ ਦੇਖ ਰਹੇ ਹਨ। ਉਨ੍ਹਾਂ ਕਿਹਾ ਕਿ ਬਾਜਵਾ ਦੇ ਸੁਪਨੇ ਸਿਰਫ਼ ਸੁਪਨੇ ਹੀ ਰਹਿ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਖੇਤਰ ਵਿਚ ਲੋੜੀਂਦੇ ਵਿਕਾਸ ਅਤੇ ਤਰੱਕੀ ਲਈ ਲਗਾਤਾਰ ਯਤਨਸ਼ੀਲ ਹੈ ਜੋ ਕਿ ਧਰਾਤਲ 'ਤੇ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਸਿੱਖਿਆ ਅਤੇ ਸਿਹਤ ਕ੍ਰਾਂਤੀ ਲਿਆ ਕੇ ਵਿਦਿਆਰਥੀਆਂ ਅਤੇ ਲੋਕਾਂ ਲਈ ਵੱਡੀਆਂ ਸਹੂਲਤਾਂ ਯਕੀਨੀ ਬਣਾਈਆਂ ਹਨ। ਪੰਜਾਬ ਸਰਕਾਰ ਵਲੋਂ ਬੀਤੇ ਦਿਨੀਂ ਪੇਸ਼ ਕੀਤੇ ਬਜਟ ਬਾਰੇ ਗੱਲ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ 'ਬਦਲਦਾ ਪੰਜਾਬ' ਬਜ਼ਟ-2025-26 ਰੰਗਲੇ ਪੰਜਾਬ ਨੂੰ ਪੇਸ਼ ਕਰਦਾ ਹੈ ਅਤੇ ਆਉਂਦੇ ਸਾਲ ਵਿਚ ਪੰਜਾਬ ਤਰੱਕੀ ਦੀਆਂ ਨਵੀਆਂ ਬੁਲੰਦੀਆਂ ਨੂੰ ਛੋਹੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਜਲਦ ਹੀ 541 ਸੇਵਾ ਕੇਂਦਰਾਂ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ ਜਿਸ ਨਾਲ 438 ਨਾਗਰਿਕ ਸੇਵਾਵਾਂ ਹੋਰ ਵੀ ਵਧੇਰੇ ਸੁਖਾਲੇ ਢੰਗ ਨਾਲ ਮਿਲਣਗੀਆਂ। ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਰੋਜ਼ਗਾਰ ਮੁਹੱਈਆ ਕਰਵਾਉਣ ਦੇ ਖੇਤਰ ਵਿਚ ਨਵੇਂ ਮੀਲ ਪੱਥਰ ਸਥਾਪਿਤ ਕਰਦਿਆਂ 51655 ਸਰਕਾਰੀ ਨੌਕਰੀਆਂ ਦਿੱਤੀਆਂ ਹਨ ਜੋ ਕਿ ਰੋਜ਼ਗਾਰ ਦੇ ਖੇਤਰ ਵਿਚ ਵੱਡੀ ਪ੍ਰਾਪਤੀ ਹੈ। ਉਨ੍ਹਾਂ ਦੱਸਿਆ ਕਿ ਹੁਨਰ ਵਿਕਾਸ ਸਿਖਲਾਈ ਅਤੇ ਕਰੀਅਰ ਕਾਉਂਸਲਿਕ ਲਈ 230 ਕਰੋੜ ਰੁਪਏ ਖਰਚੇ ਜਾਣ ਦਾ ਪ੍ਰਸਤਾਵ ਹੈ ਜਿਸ ਨਾਲ ਬੇਰੋਜ਼ਗਾਰਾਂ ਨੂੰ ਆਪਣੇ ਪੈਰੀਂ ਹੋਣ ਵਿਚ ਮਦਦ ਮਿਲੇਗੀ।

# *ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮੀਆਂ ਵਿਖੇ ਕਰਵਾਇਆ ਸਲਾਨਾ ਪ੍ਰੋਗਰਾਮ ,,,,

## ਨਵੋਦਿਆ ਪ੍ਰੀਖਿਆ ਚੋਂ ਚੁਣੇ ਗਏ ਵਿਦਿਆਰਥੀ ਵੀ ਕੀਤੇ ਸਨਮਾਨਿਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com





ਮਾਨਸਾ (ਆਤਮਾ ਸਿੰਘ ਪਮਾਰ) ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮੀਆਂ ਵਿਖੇ ਸਲਾਨਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ।ਇਸ ਮੌਕੇ ਬੱਚਿਆਂ ਦਾ ਨਤੀਜਾ ਵੀ ਘੋਸ਼ਿਤ ਕੀਤਾ ਗਿਆ ਅਤੇ ਪ੍ਰੀ ਪ੍ਰਾਇਮਰੀ ਜਮਾਤਾਂ ਦੀ ਗ੍ਰੈਜੂਏਸ਼ਨ ਸੈਰੇਮਨੀ ਕਰਵਾਈ ਗਈ। ਬੱਚਿਆਂ ਨੂੰ ਜਮਾਤਾਂ ਅਨੁਸਾਰ ਪੁਜੀਸ਼ਨਾਂ ਹਾਸਲ ਕਰਨ ਲਈ ਸਨਮਾਨਿਤ ਕੀਤਾ ਗਿਆ ਤੇ ਨਾਲ ਹੀ ਹਰੇਕ ਬੱਚੇ ਨੂੰ ਉਹਨਾਂ ਦੇ ਵਿਸ਼ੇਸ਼ ਗੁਣਾਂ ਦੇ ਅਧਾਰ 'ਤੇ ਸਨਮਾਨਿਤ ਕੀਤਾ ਗਿਆ। ਨਵੋਦਿਆ ਪ੍ਰੀਖਿਆ ਵਿੱਚੋਂ ਪਾਸ ਹੋਏ ਦੋ ਬੱਚੇ ਜਸਨੂਰ ਸਿੰਘ ਤੇ ਹਰਜੋਤ ਕੌਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸ.ਬਲਵੀਰ ਸਿੰਘ ਮੀਆਂ ਤੇ ਉਹਨਾਂ ਦੇ ਪਰਿਵਾਰ ਵੱਲੋਂ ਪਹਿਲੀ ਪਿਰਤ ਨੂੰ ਅੱਗੇ ਤੋਰਦਿਆਂ ਬੱਚਿਆਂ ਨੂੰ ਸਨਮਾਨ ਚਿੰਨ੍ਹ ਤੇ ਸਟੇਸ਼ਨਰੀ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਸਰਪੰਚ ਦੇ ਪ੍ਰਤੀਨਿਧ ਵਜੋਂ ਸ.ਹਰਮੇਲ ਸਿੰਘ ਨੇ ਪੰਚਾਇਤ ਵੱਲੋਂ ਪੂਰਨ ਸਹਿਯੋਗ ਦੇਣ ਦਾ ਵਾਅਦਾ ਕੀਤਾ ।ਇਸ ਮੌਕੇ ਸਕੂਲ ਸਟਾਫ ਚੋਂ ਸੁਸ਼ੀਲ ਕੁਮਾਰ,ਸੁਖਪ੍ਰੀਤ ਕੌਰ, ਪਰਮਜੀਤ ਕੌਰ, ਬਲਵਿੰਦਰ ਕੌਰ, ਜਰਨੈਲ ਕੌਰ,ਰਾਜ ਕੌਰ, ਮਨਜੀਤ ਕੌਰ, ਗੋਬਿੰਦ ਕੌਰ ਨੇ ਪ੍ਰੋਗਰਾਮ ਦੇ ਪ੍ਰਬੰਧਕ ਵਜੋਂ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਮੌਕੇ ਖੇਡਾਂ ਵਿੱਚ ਵਿਸ਼ੇਸ਼ ਪ੍ਰਾਪਤੀ ਵਾਲੇ ਬੱਚਿਆਂ ਅਤੇ ਕੋਚ ਗੋਰਾ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ । ਸਕੂਲ ਮੁਖੀ.ਦਰਸ਼ਨ ਸਿੰਘ ਵੱਲੋਂ ਮਾਪਿਆਂ ਅਤੇ ਹੋਰ ਪਹੁੰਚੇ ਹੋਏ ਵਿਸ਼ੇਸ਼ ਸਹਿਯੋਗੀਆਂ ਦਾ ਧੰਨਵਾਦ ਕੀਤਾ ਤੇ ਸਕੂਲ ਦੀ ਪ੍ਰਗਤੀ ਰਿਪੋਰਟ ਪੜ੍ਹੀ। ਸੀ ਐਚ ਟੀ ਗੁਰਮੇਲ ਸਿੰਘ ਨੇ ਪ੍ਰੋਗਰਾਮ ਦੌਰਾਨ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਤੇ ਮਾਪਿਆਂ ਨੂੰ ਸੰਬੋਧਨ ਵੀ ਕੀਤਾ।ਸਕੂਲ ਚੇਅਰਮੈਨ ਸ. ਨਾਜਮ ਸਿੰਘ ਨੇ ਮਾਪਿਆਂ ਨੂੰ ਸਕੂਲ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਇਸ ਮੌਕੇ ਬੱਚਿਆਂ ਦੁਆਰਾ ਸੱਭਿਆਚਾਰਕ ਪ੍ਰੋਗਰਾਮ ਅਤੇ ਕੋਰੀਓਗਰਾਫੀ ਪੇਸ਼ ਕੀਤੇ ਗਏ।ਸਟੇਜ ਸੰਚਾਲਨ ਸਮੇਂ ਵਰਿੰਦਰਜੀਤ ਸਿੰਘ ਸਿੱਧੂ ਨੇ ਵਿਸ਼ੇਸ਼ ਸਹਿਯੋਗ ਦਿੱਤਾ।

ਇਸ ਮੌਕੇ ਸ੍ਰੀਮਤੀ ਰੇਖਾ ਰਾਣੀ, ਮੈਡਮ ਸਰਬਦੀਪ ਕੌਰ, ਅਰਸ਼ਦੀਪ ਕੌਰ, ਰਮਨਦੀਪ ਕੌਰ, ਹਰਦੇਵ ਸਿੰਘ ਨੈਣ, ਜਗਦੇਵ ਸਿੰਘ ਸਿੱਧੂ,ਐਨ. ਡੀ.ਤਨੇਜਾ, ਜਰਨੈਲ ਸਿੰਘ, ਗੁਰਇਕਬਾਲ ਸਿੰਘ, ਗੁਰਜੰਟ ਸਿੰਘ ਨੈਣ, ਤੇਤਾ ਸਿੰਘ ਨੈਣ, ਬਲਵੰਤ ਸਿੰਘ, ਜਗਜੀਤ ਸਿੰਘ, ਗੁਰਵਿੰਦਰ ਸਿੰਘ, ਬਾਬਾ ਸੋਹਣ ਸਿੰਘ, ਗੁਰਸੇਵਕ ਸਿੰਘ, ਕੁਲਦੀਪ ਕੌਰ, ਬੋਘਾ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਪਿਆਂ ਨੇ ਸ਼ਮੂਲੀਅਤ ਕੀਤੀ।

# ਨਸ਼ੇ ਦੇ ਖਾਤਮੇ ਲਈ "ਨਈ ਸੋਚ ਸੰਸਥਾ" ਵਲੋਂ ਪੁਲਿਸ+ਪ੍ਰਸ਼ਾਸਨ ਨੂੰ ਸਹਿਯੋਗ ਦੇਣ ਦਾ ਪ੍ਰਸਤਾਵ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ) ਨਈ ਸੋਚ ਸੰਸਥਾਂ ਨੇ ਸੰਸਥਾਪਕ ਪ੍ਰਧਾਨ ਅਸ਼ਵਨੀ ਗੈਂਦ ਦੀ ਪ੍ਰਧਾਨਗੀ ਵਿੱਚ ਹਰੀਸ਼ ਗੁਪਤਾ, ਹੈਪੀ, ਵੀਰ ਪ੍ਰਤਾਪ ਰਾਣਾ, ਵਿੱਕੀ ਚੋਪੜਾ ਨੇ ਏ.ਡੀ.ਜੀ.ਪੀ. ਪੰਜਾਬ ਸ਼੍ਰੀ ਨਰੇਸ਼ ਅਰੋੜਾ ਅਤੇ ਐਸ.ਐਸ.ਪੀ. ਹੁਸ਼ਿਆਰਪੁਰ ਸ਼੍ਰੀ ਸੰਦੀਪ ਮਲਿਕ ਦੇ ਨਾਲ ਸਥਾਨਕ ਪੀ.ਡਬਲਯੂ.ਡੀ. ਰੈਸਟ ਹਾਊਸ ਵਿਖੇ ਮਿਲ ਕੇ ਇਕ ਮੰਗ ਪੱਤਰ ਦਿੱਤਾ ਅਤੇ ਪੰਜਾਬ ਪੁਲਿਸ ਵਲੋਂ ਨਸ਼ੇ ਦੇ ਲਿਖਾਫ ਚਲਾਏ ਅਭਿਆਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਜੇ ਲਗਾਤਾਰ ਇਸੀ ਤਰ੍ਹਾਂ ਪੁਲਿਸ ਦੇ ਬਹਾਦਰ ਜਵਾਨਾਂ ਵਲੋਂ ਅਭਿਆਨ ਜਾਰੀ ਰਹੇ ਅਤੇ ਵੇਚਣ ਵਾਲੇ ਕਿੰਗ ਪਿੰਨਾ ਤੇ ਨਕੇਲ ਕੱਸ ਲਈ ਜਾਵੇ ਤਾਂ ਨਸ਼ੇ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕਦਾ ਹੈ ।ਆਪਣੀ ਸੰਸਥਾਂ ਵਲੋਂ ਨਸ਼ੇ ਦੇ ਆਦੀ ਗਰੀਬ ਪਰਿਵਾਰਾਂ ਜਿਨ੍ਹਾਂ ਦੇ ਬੱਚੇ ਜਾਂ ਪਰਿਵਾਰ ਦੇ ਮੁੱਖੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਰਹਿ ਰਹੇ ਹਨ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਖਾਣ-ਪੀਣ ਦੀ ਸਮੱਗਰੀ ਸਬੰਧੀ ਜਾਂ ਬਿਮਾਰੀ ਅਤੇ ਪੜ੍ਹਾਈ ਸਬੰਧੀ ਸਹਿਯੋਗ ਦੇਣ ਦਾ ਸੱਦਾ ਦਿੱਤਾ ਗਿਆ ਅਤੇ ਮੰਗ ਪੱਤਰ ਦੇ ਕੇ ਸੜਕਾ ਤੇ ਘੁੰਮ ਰਹੇ ਲਵਾਰਿਸ ਗਉਧਨ ਦੀ ਗੰਭੀਰ ਸਮੱਸਿਆ ਦੇ ਸਬੰਧ ਵਿੱਚ ਵੀ ਚਰਚਾ ਕੀਤੀ ਗਈ ਅਤੇ ਜ਼ਿਲ੍ਹਾਂ ਪੱਧਰ ਜੇਲ੍ਹਾਂ ਵਿੱਚ ਗਉਸ਼ਲਾਵਾਂ ਖੇਲਣ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਗਉਧਨ ਦੀ ਸਮੱਸਿਆ ਦੇ ਲਈ ਇਕ ਨੋਡਲ ਅਫਸਰ ਲਗਾਉਣ ਦੀ ਮੰਗ ਕੀਤੀ ਗਈ। ਇਸ ਮੌਕੇ ਤੇ ਏ.ਡੀ. ਜੀ.ਪੀ. ਪੰਜਾਬ ਸ਼੍ਰੀ ਨਰੇਸ਼ ਅਰੋੜਾ ਅਤੇ ਐਸ.ਐਸ. ਪੀ. ਹੁਸ਼ਿਆਰਪੁਰ ਸ਼੍ਰੀ ਸੰਦੀਪ ਮਲਿਕ ਨੇ ਕਿਹਾ ਕਿ ਸਥਾਨਕ ਲੋਕਾਂ ਸੰਸਥਾਵਾਂ ਦਾ ਪੁਲਿਸ ਪ੍ਰਸ਼ਾਸਨ ਨੂੰ ਸਹਿਯੋਗ ਕਰਨਾ ਬਹੁਤ ਜ਼ਰੂਰੀ ਹੈ ਅਤੇ ਨਈ ਸੋਚ ਸੰਸਥਾਂ ਦਾ ਸਹਿਯੋਗ ਕਰਨ ਦਾ ਪ੍ਰਸਤਾਵ ਸ਼ਲਾਘਾਯੋਗ ਹੈ ਅਤੇ ਨਸ਼ੇ ਨਾਲ ਜੁੜੇ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਹੁਣ ਨਸ਼ਾ ਤਸਕਰਾ ਨੂੰ ਆਪਣਾ ਧੰਦਾ ਛੱਡਣਾ ਪਵੇਗਾ ਨਹੀਂ ਤਾਂ ਪੰਜਾਬ ਤੋਂ ਬਾਹਰ ਭੱਜਣਾ ਪਵੇਗਾ।

# ਰੋਜ਼ਗਾਰ ਮੇਲੇ ਦੌਰਾਨ 71 ਉਮੀਦਵਾਰਾਂ ਦੀ ਵੱਖ-ਵੱਖ ਕੰਪਨੀਆਂ ਵੱਲੋਂ ਨੌਕਰੀ ਲਈ ਚੋਣ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੁੰਗੜਾ) ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅੰਕੁਰਜੀਤ ਸਿੰਘ ਅਤੇ ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਮੁੱਖ ਕਾਰਜਕਾਰੀ ਅਧਿਕਾਰੀ ਰਾਜੀਵ ਵਰਮਾ ਦੀ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ ਵਿਖੇ ਰੋਜ਼ਗਾਰ ਮੇਲਾ ਲਗਾਇਆ ਗਿਆ। ਇਸ ਰੋਜ਼ਗਾਰ ਮੇਲੇ ਵਿਚ 123 ਉਮੀਦਵਾਰਾਂ ਨੇ ਭਾਗ ਲਿਆ, ਜਿਨ੍ਹਾਂ ਵਿਚੋਂ 71 ਯੋਗ ਉਮੀਦਵਾਰਾਂ ਦੀ ਵੱਖ-ਵੱਖ ਕੰਪਨੀਆਂ ਵੱਲੋਂ ਨੌਕਰੀ ਲਈ ਚੋਣ ਕੀਤੀ ਗਈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ ਸੰਦੀਪ ਕੁਮਾਰ ਨੇ ਦੱਸਿਆ ਗਿਆ ਕਿ ਇਸ ਰੋਜ਼ਗਾਰ ਮੇਲੇ ਵਿਚ 14 ਕੰਪਨੀਆਂ, ਜਿਵੇਂ ਕਿ ਟੋਪਨ ਸਪੈਸ਼ਲਟੀ ਫਿਲਮਜ਼, ਵਰਧਮਾਨ ਨਿਟਿੰਗਜ਼, ਕੁਐਸ ਗਰੁੱਪ,ਚੈੱਕਮੇਟ ਸਕਿਊਰਿਟੀਜ਼, ਬਜਾਜ ਫਾਈਨਾਂਸ ਆਦਿ ਨੇ ਭਾਗ ਲਿਆ ਅਤੇ ਪੰਜਾਬ ਸਰਕਾਰ ਵੱਲੋਂ ਲਗਾਏ ਇਸ ਰੋਜ਼ਗਾਰ ਮੇਲੇ ਦੌਰਾਨ ਵੱਡੀ ਗਿਣਤੀ ਵਿਚ ਬੇਰੋਜ਼ਗਾਰ ਨੌਜਵਾਨਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦਾ ਮੌਕਾ ਦਿੱਤਾ ਗਿਆ। ਇਸ ਮੌਕੇ ਵੱਖ-ਵੱਖ ਬੁਲਾਰਿਆ ਵੱਲੋਂ ਪ੍ਰਾਰਥੀਆਂ ਨੂੰ ਆਪਣੇ ਭਵਿੱਖ ਲਈ ਸਹੀ ਸੇਧ ਦੇਣ ਲਈ ਕਾਉਂਸਲਿੰਗ, ਮੁਕਾਬਲੇ ਦੀਆਂ ਪ੍ਰੀਖਿਆਵਾਂ ਸਬੰਧੀ ਜਾਣਕਾਰੀ, ਇੰਟਰਵਿਊ ਦੇਣ ਸਬੰਧੀ ਟਿਪਸ (ਤਰੀਕੇ) ਅਤੇ ਦਫਤਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਬੇਰੋਜ਼ਗਾਰ ਪ੍ਰਾਰਥੀਆਂ ਦੀ ਮੌਕੇ 'ਤੇ ਹੀ ਆਨਲਾਈਨ ਅਤੇ ਆਫਲਾਈਨ ਰਜਿਸਟ੍ਰੇਸ਼ਨ ਵੀ ਕੀਤੀ ਗਈ। ਰੋਜ਼ਗਾਰ ਮੇਲੇ ਵਿਚ ਭਾਗ ਲੈਣ ਵਾਲੇ ਨਿਯੋਜਕਾਂ ਨੂੰ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਵੱਲੋਂ ਸ਼ਲਾਘਾ ਪੱਤਰ ਵੀ ਦਿੱਤੇ ਗਏ। ਕਾਲਜ ਦੇ ਵਾਈਸ ਪ੍ਰਿਸੀਪਲ ਪ੍ਰਿਆ ਬਾਵਾ ਵੱਲੋਂ ਰੋਜ਼ਗਾਰ ਮੇਲੇ ਨੂੰ ਸੰਪੂਰਨ ਕਰਵਾਉਣ ਹਿੱਤ ਸਮੂਹ ਨਿਯੋਜਕਾਂ, ਪ੍ਰਾਰਥੀਆਂ ਅਤੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦੇ ਸਮੂਹ ਸਟਾਫ ਦਾ ਧੰਨਵਾਦ ਕੀਤਾ ਗਿਆ।

# ਮਹਾਕੁੰਭ ਵਾਲੀ ਮੋਨਾਲੀਸਾ ਦੇ ਡਾਇਰੈਕਟਰ ਸਨੋਜ ਮਿਸ਼ਰਾ ਗ੍ਰਿਫ਼ਤਾਰ

## ਅਦਾਕਾਰਾ ਨਾਲ ਜਬਰ ਜਨਾਹ ਅਤੇ ਬਲੈਕਮੇਲ ਕਰਨ ਦੇ ਗੰਭੀਰ ਇਲਜ਼ਾਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com



ਮੁੰਬਈ: ਨਿਰਦੇਸ਼ਕ ਸਨੋਜ ਮਿਸ਼ਰਾ ਨੇ ਮਹਾਕੁੰਭ ਦੀ ਵਾਇਰਲ ਗਰਲ ਮੋਨਾਲੀਸਾ ਨੂੰ ਇੱਕ ਫਿਲਮ ਦੀ ਪੇਸ਼ਕਸ਼ ਕੀਤੀ ਸੀ ਅਤੇ ਸੁਰਖੀਆਂ ਬਟੋਰੀਆਂ ਸਨ। ਰਿਪੋਰਟਾਂ ਦੇ ਅਨੁਸਾਰ, ਤਾਜ਼ਾ ਅਪਡੇਟ ਵਿੱਚ, ਉਸਨੂੰ ਦਿੱਲੀ ਵਿੱਚ ਬਲਾਤਕਾਰ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇੱਕ ਛੋਟੇ ਸ਼ਹਿਰ ਦੀ ਕੁੜੀ ਨੇ ਉਸ 'ਤੇ ਵਾਰ-ਵਾਰ ਉਸਦਾ ਸ਼ੋਸ਼ਣ ਕਰਨ ਅਤੇ ਕਥਿਤ ਤੌਰ 'ਤੇ ਉਸਨੂੰ ਫਿਲਮ ਸਟਾਰ ਬਣਾਉਣ ਦੇ ਝੂਠੇ ਵਾਅਦੇ ਕਰਨ ਦਾ ਦੋਸ਼ ਲਗਾਇਆ ਹੈ। ਰਿਪੋਰਟਾਂ ਦੇ ਅਨੁਸਾਰ, ਪੀੜਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਪਹਿਲੀ ਵਾਰ 2020 ਵਿੱਚ ਟਿਕਟੋਕ ਅਤੇ ਇੰਸਟਾਗ੍ਰਾਮ ਰਾਹੀਂ ਸਨੋਜ ਮਿਸ਼ਰਾ ਨਾਲ ਜੁੜੀ ਸੀ, ਜਦੋਂ ਉਹ ਝਾਂਸੀ ਵਿੱਚ ਸੀ। ਸਮੇਂ ਦੇ ਨਾਲ, ਉਹ ਅਕਸਰ ਗੱਲਾਂ ਕਰਦੇ ਰਹੇ ਅਤੇ 17 ਜੂਨ, 2021 ਨੂੰ, ਸਨੋਜ ਮਿਸ਼ਰਾ ਨੇ ਕਥਿਤ ਤੌਰ 'ਤੇ ਉਸਨੂੰ ਫ਼ੋਨ ਕੀਤਾ ਅਤੇ ਝਾਂਸੀ ਰੇਲਵੇ ਸਟੇਸ਼ਨ 'ਤੇ ਹੋਣ ਦਾ ਦਾਅਵਾ ਕੀਤਾ। ਜਦੋਂ ਉਸਨੇ ਉਸਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ, ਤਾਂ ਉਸਨੇ ਕਥਿਤ ਤੌਰ 'ਤੇ ਧਮਕੀ ਦਿੱਤੀ ਕਿ ਜੇਕਰ ਉਹ ਨਾ ਆਈ ਤਾਂ ਉਹ ਉਸਦੀ ਜਾਨ ਲੈ ਲਵੇਗਾ।

# ਨੂਹ 'ਚ ਈਦ ਦੀ ਨਮਾਜ਼ ਤੋਂ ਬਾਅਦ ਦੋ ਧੜਿਆਂ 'ਚ ਝੜਪ, 5 ਜ਼ਖ਼ਮੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com



ਨੂਹ ਦੇ ਇੱਕ ਪਿੰਡ ਵਿੱਚ ਈਦ ਦੀ ਨਮਾਜ਼ ਤੋਂ ਬਾਅਦ ਸੋਮਵਾਰ ਨੂੰ ਇੱਕੋ ਫ਼ਿਰਕੇ ਦੇ ਦੋ ਧੜਿਆਂ ਵਿਚਕਾਰ ਝੜਪ ਵਿੱਚ ਪੰਜ ਤੋਂ ਵੱਧ ਵਿਅਕਤੀ ਜ਼ਖ਼ਮੀ ਹੋ ਗਏ। ਪੁਲੀਸ ਦੇ ਅਨੁਸਾਰ, ਸਵੇਰੇ 9 ਵਜੇ ਵਾਪਰੀ ਇਹ ਘਟਨਾ ਤਿਰਵਾੜਾ ਪਿੰਡ ਵਿੱਚ ਰਸ਼ੀਦ ਅਤੇ ਸਾਜਿਦ ਦੀ ਅਗਵਾਈ ਵਾਲੇ ਧੜਿਆਂ ਵਿਚਾਲੇ ਪੁਰਾਣੀ ਦੁਸ਼ਮਣੀ ਦਾ ਨਤੀਜਾ ਸੀ।

ਜਾਣਕਾਰੀ ਮਿਲਣ ਤੋਂ ਬਾਅਦ, ਕਈ ਪੁਲੀਸ ਥਾਣਿਆਂ ਦੀਆਂ ਟੀਮਾਂ ਪਿੰਡ ਪਹੁੰਚੀਆਂ ਅਤੇ ਅਮਨ-ਕਾਨੂੰਨ ਬਹਾਲ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਸ਼ਾਂਤੀ ਯਕੀਨੀ ਬਣਾਉਣ ਲਈ ਪਿੰਡ ਵਿੱਚ ਇੱਕ ਪੁਲੀਸ ਟੀਮ ਤਾਇਨਾਤ ਕੀਤੀ ਗਈ ਹੈ।

ਹਿੰਸਾ ਉਦੋਂ ਸ਼ੁਰੂ ਹੋਈ ਜਦੋਂ ਇੱਕ ਧੜੇ ਦੇ ਮੈਂਬਰ, ਜੋ ਇੱਕ ਈਦਗਾਹ ਵਿੱਚ ਨਮਾਜ਼ ਅਦਾ ਕਰ ਕੇ ਘਰ ਪਰਤ ਰਹੇ ਸਨ ਤਾਂ ਉਨ੍ਹਾਂ ਦੀ ਦੂਜੇ ਧੜੇ ਦੇ ਕੁਝ ਲੋਕਾਂ ਨਾਲ ਤਕਰਾਰ ਹੋ ਗਈ। ਫਿਰ ਦੋਵਾਂ ਧੜਿਆਂ ਨੇ ਇੱਕ ਦੂਜੇ 'ਤੇ ਡਾਂਗਾਂ ਨਾਲ ਹਮਲਾ ਕਰ ਦਿੱਤਾ।

ਪੁਲੀਸ ਦੇ ਮੌਕੇ 'ਤੇ ਪਹੁੰਚਣ ਤੋਂ ਬਾਅਦ, ਹਿੰਸਾ ਰੁਕ ਗਈ ਅਤੇ ਜ਼ਖ਼ਮੀਆਂ ਨੂੰ ਹਸਪਤਾਲ ਲਿਜਾਇਆ ਗਿਆ। ਪੁਲੀਸ ਨੇ ਕਿਹਾ ਕਿ ਰਸ਼ੀਦ ਅਤੇ ਸਾਜਿਦ ਦੇ ਧੜਿਆਂ ਵਿਚਕਾਰ ਪੁਰਾਣਾ ਝਗੜਾ ਹੈ ਜਿਸ ਵਿੱਚ ਪਹਿਲਾਂ ਵੀ ਦੋਵਾਂ ਧਿਰਾਂ ਵਿਰੁੱਧ ਮਾਮਲੇ ਦਰਜ ਹਨ। -ਪੀਟੀਆਈ

# ਫਿਲੌਰ 'ਚ ਅੰਬੇਡਕਰ ਦੇ ਬੁੱਤ ਦੁਆਲੇ ਲੱਗੇ ਸ਼ੀਸ਼ੇ ਦੀ ਭੰਨ-ਤੋੜ, SFJ ਨੇ ਲਈ ਜ਼ਿੰਮੇਵਾਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com




ਸੋਮਵਾਰ ਤੜਕੇ ਜਲੰਧਰ ਜ਼ਿਲ੍ਹੇ 'ਚ ਫਿਲੌਰ ਲਾਗਲੇ ਨੰਗਲ ਪਿੰਡ ਵਿੱਚ ਡਾ. ਬੀਆਰ ਅੰਬੇਡਕਰ ਦੇ ਬੁੱਤ ਦੇ ਆਲੇ-ਦੁਆਲੇ ਲਾਏ ਗਏ ਇੱਕ ਸ਼ੀਸ਼ੇ ਨੂੰ ਸ਼ਰਾਰਤੀ ਅਨਸਰਾਂ ਵੱਲੋਂ ਭੰਨ-ਤੋੜ ਦਿੱਤਾ ਗਿਆ। ਇਸ ਮਾਮਲੇ ਦੀ ਜ਼ਿੰਮੇਵਾਰੀ ਵੱਖਵਾਦੀ ਜਥੇਬੰਦੀ ਸਿੱਖਸ ਫਾਰ ਜਸਟਿਸ (SFJ) ਵੱਲੋਂ ਲਈ ਗਈ ਹੈ।

ਸ਼ੀਸ਼ੇ ਵਿੱਚ ਬੰਦ ਬੁੱਤ ਉਤੇ ਖਾਲਿਸਤਾਨ ਪੱਖੀ ਨਾਅਰੇ ਅਤੇ ਇਸਦੇ ਕਵਰ 'ਤੇ ਭੜਕਾਊ ਟਿੱਪਣੀਆਂ ਲਿਖੀਆਂ ਮਿਲੀਆਂ ਹਨ।ਸ਼ੀਸ਼ੇ 'ਤੇ "ਸਿੱਖ ਹਿੰਦੂ ਨਹੀਂ ਹਨ" ਅਤੇ "ਟਰੰਪ ਜ਼ਿੰਦਾਬਾਦ" ਵੀ ਲਿਖਿਆ ਸੀ। ਇਸੇ ਤਰ੍ਹਾਂ ਦੋ ਹੋਰ ਝੰਡਿਆਂ – ਇੱਕ ਭਗਵਾ ਅਤੇ ਦੂਜਾ ਨੀਲਾ – ਉਤੇ ਵੀ ਅਜਿਹਾ ਕੁਝ ਹੀ ਲਿਖਿਆ ਸੀ।

ਇੱਕ ਕਥਿਤ ਵੀਡੀਓ ਵਿੱਚ, SFJ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਇਸ ਕਾਰਵਾਈ ਦੀ ਜ਼ਿੰਮੇਵਾਰੀ ਲਈ ਹੈ। ਉਨ੍ਹਾਂ ਡਾ. ਅੰਬੇਡਕਰ ਦੀ ਆਲੋਚਨਾ ਕੀਤੀ ਅਤੇ ਉਨ੍ਹਾਂ ਉਤੇ ਭਾਰਤੀ ਸੰਵਿਧਾਨ ਦੇ ਖਰੜੇ ਵਿੱਚ ਆਪਣੀ ਭੂਮਿਕਾ ਰਾਹੀਂ ਸਿੱਖ ਪਛਾਣ ਨੂੰ ਮਿਟਾਉਣ ਵਿੱਚ ਯੋਗਦਾਨ ਪਾਉਣ ਦਾ ਦੋਸ਼ ਲਗਾਇਆ।

ਸੋਸ਼ਲ ਮੀਡੀਆ 'ਤੇ SFJ ਦੇ ਬਿਆਨ ਨੇ ਸੰਵਿਧਾਨ ਦੀ ਧਾਰਾ 25(b) ਤਹਿਤ ਸਿੱਖਾਂ ਨੂੰ ਹਿੰਦੂਆਂ ਵਜੋਂ ਸ਼੍ਰੇਣੀਬੱਧ ਕਰਨ ਲਈ ਅੰਬੇਡਕਰ ਦੀ ਹੋਰ ਵੀ ਨਿੰਦਾ ਕੀਤੀ। ਉਨ੍ਹਾਂ 14 ਅਪਰੈਲ ਨੂੰ ਡਾ. ਅੰਬੇਡਕਰ ਦੇ ਜਨਮ ਦਿਨ ਤੋਂ ਪਹਿਲਾਂ ਪੰਜਾਬ ਤੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਦੀਆਂ ਮੂਰਤੀਆਂ ਨੂੰ ਹਟਾਉਣ ਲਈ ਕਿਹਾ ਹੈ।

ਇਸ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਜਲੰਧਰ ਦੇ ਐਸਐਸਪੀ ਗੁਰਮੀਤ ਸਿੰਘ ਨੇ ਭੰਨ-ਤੋੜ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਇਸ ਸਬੰਧੀ ਐਫਆਈਆਰ ਦਰਜ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ, "ਮੂਰਤੀ ਨੂੰ ਚੰਗੀ ਤਰ੍ਹਾਂ ਢੱਕਿਆ ਗਿਆ ਸੀ, ਪਰ ਕੁਝ ਸ਼ਰਾਰਤੀ ਤੱਤਾਂ ਨੇ ਇਸ 'ਤੇ ਇਤਰਾਜ਼ਯੋਗ ਗੱਲਾਂ ਲਿਖੀਆਂ। ਅਸੀਂ ਜਾਂਚ ਦੀ ਕਰ ਰਹੇ ਹਾਂ ਅਤੇ ਜਲਦੀ ਹੀ ਮੁਲਜ਼ਮ ਫੜ ਲਏ ਜਾਣਗੇ।"

ਗ਼ੌਰਤਲਬ ਹੈ ਕਿ ਪੰਜਾਬ ਵਿੱਚ ਡਾ. ਅੰਬੇਡਕਰ ਦੇ ਬੁੱਤਾਂ ਨੂੰ ਵਿਗਾੜਨ ਵਾਲੀ ਇਹ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਇਸ ਸਾਲ ਦੇ ਸ਼ੁਰੂ ਵਿੱਚ ਅੰਮ੍ਰਿਤਸਰ ਵਿੱਚ ਵੀ ਉਨ੍ਹਾਂ ਦੇ ਬੁੱਤ ਦੀ ਇਸੇ ਤਰ੍ਹਾਂ ਭੰਨ-ਤੋੜ ਕੀਤੀ ਗਈ ਸੀ।

# ਐਲਪੀਜੀ ਲੀਕ ਹੋਣ ਕਾਰਨ ਘਰ ਵਿੱਚ ਅੱਗ ਲੱਗੀ, ਦੋ ਬੱਚਿਆਂ ਦੀ ਮੌਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com

ਦਿੱਲੀ ਵਿੱਚ ਪੰਜਾਬੀ ਬਾਗ ਵਿੱਚ ਐਲਪੀਜੀ ਲੀਕ ਹੋਣ ਕਾਰਨ ਘਰ ਵਿੱਚ ਅੱਗ ਲੱਗਣ ਕਾਰਨ ਦੋ ਬੱਚਿਆਂ ਦੀ ਮੌਤ ਹੋ ਗਈ। ਇਹ ਘਟਨਾ ਪੂਰਬੀ ਪੰਜਾਬੀ ਬਾਗ ਦੇ ਮਨੋਹਰ ਪਾਰਕ ਇਲਾਕੇ 'ਚ ਐਤਵਾਰ ਰਾਤ ਵਾਪਰੀ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ ਅਤੇ ਦਿੱਲੀ ਪੁਲੀਸ ਮਾਮਲੇ ਦੀ ਅਗਲੇਰੀ ਜਾਂਚ ਕਰ ਰਹੀ ਹੈ।

ਦਿਲ ਦਹਿਲਾਉਣ ਵਾਲੀ ਘਟਨਾ ਵਿੱਚ ਪੱਛਮੀ ਦਿੱਲੀ ਦੇ ਮਨੋਹਰ ਪਾਰਕ ਵਿੱਚ ਸਥਿਤ ਘਰ ਵਿੱਚ ਇੱਕ ਐਲਪੀਜੀ ਸਿਲੰਡਰ ਤੋਂ ਗੈਸ ਲੀਕ ਹੋਣ ਕਾਰਨ ਲੱਗੀ ਭਿਆਨਕ ਅੱਗ ਵਿੱਚ ਨਾਬਾਲਗ ਭੈਣ-ਭਰਾ ਦੀ ਮੌਤ ਹੋ ਗਈ। ਦਿੱਲੀ ਫਾਇਰ ਸਰਵਿਸਿਜ਼ ਦੇ ਅਧਿਕਾਰੀਆਂ ਮੁਤਾਬਕ ਮਨੋਹਰ ਪਾਰਕ ਦੇ ਡਬਲਿਊ ਜ਼ੈਡ-7 ਵਿੱਚ ਐਤਵਾਰ ਰਾਤ 8:20 ਵਜੇ ਦੇ ਕਰੀਬ ਅੱਗ ਲੱਗ ਗਈ। ਉਨ੍ਹਾਂ ਦੱਸਿਆ ਕਿ ਅੱਗ 'ਤੇ ਕਾਬੂ ਪਾਉਣ ਅਤੇ ਹੋਰ ਨੁਕਸਾਨ ਨੂੰ ਰੋਕਣ ਲਈ ਦੋ ਫਾਇਰ ਟੈਂਡਰ ਮੌਕੇ 'ਤੇ ਭੇਜੇ ਗਏ।

ਮ੍ਰਿਤਕ ਬੱਚਿਆਂ ਦੀ ਪਛਾਣ ਆਕਾਸ਼ (7) ਅਤੇ ਸਾਕਸ਼ੀ (14) ਵਜੋਂ ਹੋਈ ਹੈ। ਡੀਐਫਐਸ ਅਧਿਕਾਰੀ ਦੇ ਅਨੁਸਾਰ ਜਾਂਚ ਵਿੱਚ ਸਾਹਮਣੇ ਆਇਆ ਕਿ ਅੱਗ ਐਲਪੀਜੀ ਸਿਲੰਡਰ ਤੋਂ ਸ਼ੁਰੂ ਹੋਈ ਜੋ ਲੀਕ ਹੋ ਰਿਹਾ ਸੀ ਅਤੇ ਆਖ਼ਰਕਾਰ ਘਰ ਨੂੰ ਅੱਗ ਨੇ ਆਪਣੀ ਲਪੇਟ ਵਿੱਚ ਲੈ ਲਿਆ। ਅੱਗ ਲੱਗਣ ਕਾਰਨ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਪੀਸੀਆਰ ਟੀਮ ਨੇ ਆਚਾਰੀਆ ਭਿਕਸ਼ੂ ਹਸਪਤਾਲ ਪਹੁੰਚਾਇਆ।

ਦਿੱਲੀ ਪੁਲੀਸ ਅਨੁਸਾਰ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਸਵਿਤਾ (34) ਨਾਮੀ ਔਰਤ ਰਸੋਈ ਵਿੱਚ ਖਾਣਾ



ਬਣਾ ਰਹੀ ਸੀ ਅਤੇ ਅਚਾਨਕ ਨੇੜੇ ਹੀ ਇੱਕ ਕੱਪੜੇ ਨੂੰ ਅੱਗ ਲੱਗ ਗਈ, ਜਿਸ ਨਾਲ ਉਸ ਦੇ ਬੇਟੇ ਆਕਾਸ਼ ਅਤੇ ਬੇਟੀ ਸਾਕਸ਼ੀ ਕਮਰੇ ਵਿੱਚ ਫਸ ਗਏ ਜਦੋਂਕਿ ਸਵਿਤਾ ਅਤੇ ਉਸ ਦੀ 11 ਸਾਲਾ ਧੀ ਮਿਨਾਕਸ਼ੀ ਵਾਲ ਵਾਲ ਬਚਣ ਵਿੱਚ ਕਾਮਯਾਬ ਹੋ ਗਏ।

# ਰੱਬ ਦੀ ਬੰਦਗੀ ਲੋੜਵੰਦਾਂ ਨਾਲ ਹਮਦਰਦੀ ਤੇ ਭਾਈਚਾਰੇ ਦਾ ਪ੍ਰਤੀਕ ਹੈ ਰਮਜਾਨ ਅਤੇ ਈਦ ਉੱਲ ਫਿਤਰ :- ਸੱਬਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਫਗਵਾੜਾ 31 ਮਾਰਚ (ਸ਼ਿਵ ਕੌੜਾ) ਈਦ ਉੱਲ ਫਿਤਰ ਦਾ ਪਵਿੱਤਰ ਤਿਉਹਾਰ ਪੂਰੇ ਦੇਸ਼ ਭਰ ਵਿੱਚ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸਰਬਰ ਗੁਲਾਮ ਸੱਬਾ ਦੀ ਅਗਵਾਈ ਹੇਠ ਮਸਜਿਦ ਉਮਰ ਨਾਈਆ ਵਾਲਾ ਚੌਕ ਫਗਵਾੜਾ ਵਿਖੇ ਮੌਲਾਨਾ ਜ਼ਿਆਉਲਹੱਕ ਕਾਸਮੀ ਨੇ ਅਤੇ ਮਦੀਨਾ ਮਸਜਿਦ ਪਲਾਹੀ ਵਿਖੇ ਮੌਲਾਨਾ ਨਸੀਮ ਅਹਿਮਦ ਕਾਸਮੀ ਨੇ ਈਦ ਉੱਲ ਫਿਤਰ ਦੀ ਨਮਾਜ ਅਦਾ ਕਰਵਾਈ ਇਸ ਮੌਕੇ ਤੇ ਸਰਬਰ ਗੁਲਾਮ ਸੱਬਾ ਨੇ ਕਿਹਾ ਕਿ ਈਦ ਦਾ ਇਹ ਤਿਉਹਾਰ ਸਾਨੂੰ ਆਪਣੇ ਰੱਬ ਦੀ ਬੰਦਗੀ ਤੇ ਲੋੜਵੰਦਾਂ ਦੀ ਹਮਦਰਦੀ ਲਈ ਪ੍ਰੇਰਿਤ ਕਰਦਾ ਹੈ ਅਤੇ ਆਪਸੀ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ ਸਾਨੂੰ ਇਸ ਦਿਨ ਸਾਰੇ ਗਿਲੇ ਸ਼ਿਕਵੇ ਭਲਾਕੇ ਇੱਕ ਦੂਜੇ ਨਾਲ ਗਲੇ ਮਿਲਕੇ ਪਿਆਰ ਅਤੇ ਮਹੱਬਤ ਦਾ ਸੰਦੇਸ਼ ਦੇਣਾ ਚਾਹੀਦਾ ਹੈ । ਉਨ੍ਹਾਂ ਨੇ ਕਿਹਾ ਕਿ ਰਮਜਾਨ ਉੱਲ ਮੁਬਾਰਕ ਦੇ ਪਵਿੱਤਰ ਮਹੀਨੇ ਦਾ ਰੋਜ਼ਾ ਸਿਰਫ਼ ਭੁੱਖਾ ਰਹਿਣ ਦਾ ਨਾਂਮ ਨਹੀ ਸਗੋ ਆਪਣੇ ਪਾਲਣ ਹਾਰ ਨਾਲ ਸਬੰਧ ਮਜਬੂਤ ਕਰਨ ਦਾ ਜਰਿਆ ਹੈ । ਇਸ ਮੌਕੇ ਤੇ ਬੋਲਦਿਆ ਮੌਲਾਨਾ ਨਸੀਮ ਅਹਿਮਦ ਕਾਸਮੀ ਨੇ ਕਿਹਾ ਕਿ ਰਮਜਾਨ ਉੱਲ ਮੁਬਾਰਕ ਦੇ ਪਵਿੱਤਰ ਮਹੀਨੇ ਵਿਚ 30 ਦਿਨ ਰੋਜੇ ਰੱਖਕੇ ਉਸ ਰੱਬ ਦੀ ਇਬਾਦਤ ਕਰਕੇ ਇਨਾਮ ਦੀ ਖੁਸ਼ੀ ਵਿਚ ਮਿਲਣ ਵਾਲੇ ਇਸ ਤਿਉਹਾਰ ਨੂੰ ਸਾਨੂੰ ਰਲ ਮਿਲਕੇ ਮਨਾਉਣਾ ਚਾਹੀਦਾ ਹੈ ਇਸ ਮੌਕੇ ਦੇ ਦੇਸ਼ ਦੀ ਅਮਨ ਸਾਤੀ ਤੇ ਭਾਈਚਾਰਕ ਸਾਂਝ ਲਈ ਵਿਸੇਸ਼ ਦੁਆ ਵੀ ਕੀਤੀ । ਇਸ ਮੌਕੇ ਤੇ ਪ੍ਰਸਿੱਧ ਪੰਜਾਬੀ ਗਾਇਕ ਫਿਰੋਜ ਖਾਨ ਨੇ ਵੀ ਸਮੁੱਚੇ ਇਲਾਕਾਂ ਵਾਸੀਆਂ ਅਤੇ ਦੇਸ਼ ਵਾਸੀਆਂ ਨੂੰ ਈਦ ਉੱਲ ਫਿਤਰ ਦੀ ਮੁਬਾਰਕਵਾਦ ਦਿੱਤੀ ਅਤੇ ਉਨ੍ਹਾਂ ਨੇ ਕਿਹਾ ਸਾਰੇ ਤਿਉਹਾਰ ਸਾਨੂੰ ਰਲ ਮਿਲਕੇ ਮਨਾਉਣੇ ਚਾਹੀਦੇ ਹਨ ਤਾ ਕਿ ਆਪਸੀ ਭਾਈਚਾਰਕ ਸਾਂਝ ਮਜਬੂਤ ਰਹੇ । ਇਸ ਮੌਕੇ ਤੇ ਇਮਾਮ ਮਸਜਿਦ ਉਮਰ ਨਾਈਆ ਵਾਲਾ ਚੌਕ ਫਗਵਾੜਾ ਨੇ ਰਮਜਾਨਾ ਉੱਲ ਮੁਬਾਰਕ ਦੇ ਪਵਿੱਤਰ ਮਹੀਨੇ ਅਤੇ ਈਦ ਉੱਲ ਫਿਤਰ ਦੇ ਤਿਉਹਾਰ ਦੀ ਫਜੀਲਤ ਸਬੰਧੀ ਜਾਣਕਾਰੀ ਦਿੰਦਿਆ ਕਿਹਾ ਕਿ ਫਿਤਰੇ ਦੀ ਰਕਮ ਈਦ ਦੀ ਨਮਾਜ ਤੋਂ ਪਹਿਲਾ ਅਦਾ ਕਰਨ ਲਈ ਪ੍ਰੇਰਿਤ ਕੀਤਾ ਤੇ ਕਿਸ ਤਰ੍ਹਾਂ ਅਸੀ ਫਿਤਰੇ ਦੇ ਪੈਸਿਆਂ ਨਾਲ ਲੋੜਵੰਦ ਦੀ ਸਹਾਇਤਾਂ ਕਰ ਸਕਦੇ ਹਾਂ । ਸਰਬਰ ਗੁਲਾਮ ਸੱਬਾ ਨੇ ਐਸ ਪੀ ਅਤੇ ਡੀ ਐਸ ਪੀ ਫਗਵਾੜਾ ਅਤੇ ਐਸ ਐਚ ਓ ਸਿਟੀ ਅਤੇ ਸਦਰ ਨੂੰ ਈਦ ਦੀ ਸਪੇਸ਼ਲ ਖਾਣ ਵਾਲੀਆ ਸੇਮੀਆ ਦਿੱਤੀਆ ਉਥੇ ਹੀ ਉਨ੍ਹਾਂ ਨੇ ਸਮੁੱਚੇ ਪ੍ਰਸ਼ਾਸਣ ਦਾ ਈਦ ਦੇ ਤਿਉਹਾਰ ਮੌਕੇ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਇਸ ਮੌਕੇ ਮੁਹੰਮਦ ਇਜਾਜ ਸ਼ਲਮਾਨੀ, ਅਬਦੁੱਲ ਰਸ਼ੀਦ, ਬਹਾਦਰ ਮੁਹੰਮਦ, ਮੁਹੰਮਦ ਇਕਬਾਲ ਪੱਪੂ, ਮੰਗਲ ਹੁਸੈਨ, ਮੌਲਵੀ ਨਸੀਮ, ਮੁਹੰਮਦ ਕਾਸ਼ਿਪ, ਸਮੀਰ ਮੁਹੰਮਦ, ਮੁਹੰਮਦ ਜਹਾਂਗੀਰ, ਮੁਹੰਮਦ ਫਰਿਆਦ, ਸਦੀਕ ਮੁਹੰਮਦ, ਸੋਢੀ ਸੁੰਨੜਾ, ਕਾਰੀ ਸ਼ੋਕੀਨ, ਮੁਹੰਮਦ ਸਾਜਿਦ, ਲਾਲ ਹੁਸੈਨ, ਸੌਕਤ ਅਲੀ, ਮੁਹੰਮਦ ਅਜਾਦ, ਮੁਹੰਮਦ ਫਿਰੋਜ, ਮੁਹੰਮਦ ਅਸਲਮ, ਮੁਹੰਮਦ ਅਸ਼ਫਾਕ ਖਾਨ, ਮੁਹੰਮਦ ਰਜੀ, ਫਿਰੋਜ ਸ਼ੈਫੀ, ਪ੍ਰੋਫੈਸਰ ਆਰਿਫ ਇਕਬਾਲ, ਮੁਹੰਮਦ ਫੈਸਲ, ਮੁਹੰਮਦ ਤਾਜਿਮ ਤੋਂ ਇਲਾਵਾ ਮੁਸਲਿਮ ਭਾਈਚਾਰੇ ਦੇ ਆਗੂ ਹਾਜ਼ਰ ਸਨ।

# ਆਨਲਾਈਨ ਗੇਮਾਂ ਦੀ ਪਕੜ ਵਿੱਚ ਬਚਪਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

## ਸੰਤੁਲਿਤ ਵਰਤੋਂ ਦੀ ਲੋੜ

ਅੱਜ ਦੇ ਡਿਜੀਟਲ ਯੁੱਗ ਵਿੱਚ, ਆਨਲਾਈਨ ਗੇਮਿੰਗ ਬਚਪਨ ਦਾ ਇੱਕ ਅਨਿੱਖੜਵਾਂ ਅੰਗ ਬਣ ਗਈ ਹੈ। ਸਮਾਰਟਫੋਨ ਤੋਂ ਲੈ ਕੇ ਗੇਮਿੰਗ ਕੰਸੋਲ ਤੱਕ, ਬੱਚੇ ਵਰਚੁਅਲ ਦੁਨੀਆ ਵਿੱਚ ਤੇਜ਼ੀ ਨਾਲ ਖਿੱਚੇ ਜਾ ਰਹੇ ਹਨ, ਜੋ ਘੰਟਿਆਂਬੱਧੀ ਗੇਮਾਂ ਖੇਡਣ ਵਿੱਚ ਬਿਤਾਉਂਦੇ ਹਨ ਜੋ ਉਤਸ਼ਾਹ ਅਤੇ ਮਨੋਰੰਜਨ ਦਾ ਵਾਅਦਾ ਕਰਦੀਆਂ ਹਨ। ਜਦੋਂ ਕਿ ਆਨਲਾਈਨ ਗੇਮਾਂ ਸਮੱਸਿਆ-ਹੱਲ ਕਰਨ ਦੇ ਹੁਨਰ, ਬਿਹਤਰ ਪ੍ਰਤੀਬਿੰਬ ਅਤੇ ਰਣਨੀਤਕ ਸੋਚ ਵਰਗੇ ਬੋਧਾਤਮਕ ਲਾਭ ਪ੍ਰਦਾਨ ਕਰਦੀਆਂ ਹਨ, ਬਹੁਤ ਜ਼ਿਆਦਾ ਗੇਮਿੰਗ ਬੱਚੇ ਦੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ 'ਤੇ ਨੁਕਸਾਨਦੇਹ ਪ੍ਰਭਾਵ ਪਾ ਸਕਦੀ ਹੈ। ਇੱਕ ਸਿਹਤਮੰਦ ਪਾਲਣ-ਪੋਸ਼ਣ ਨੂੰ ਯਕੀਨੀ ਬਣਾਉਣ ਲਈ ਆਨਲਾਈਨ ਗੇਮਾਂ ਦੀ ਵਰਤੋਂ ਵਿੱਚ ਸੰਤੁਲਨ ਬਣਾਉਣਾ ਬਹੁਤ ਜ਼ਰੂਰੀ ਹੈ।

## ਆਨਲਾਈਨ ਗੇਮਾਂ ਦਾ ਆਕਰਸ਼ਣ

ਆਨਲਾਈਨ ਗੇਮਾਂ ਬੱਚਿਆਂ ਨੂੰ ਆਪਣੇ ਇੰਟਰਐਕਟਿਵ ਵਾਤਾਵਰਣ, ਜੀਵੰਤ ਗ੍ਰਾਫਿਕਸ ਅਤੇ ਦਿਲਚਸਪ ਕਹਾਣੀਆਂ ਨਾਲ ਮੋਹਿਤ ਕਰਦੀਆਂ ਹਨ। ਮਲਟੀ ਪਲੇਅਰ ਗੇਮਾਂ ਉਹਨਾਂ ਨੂੰ ਦੋਸਤਾਂ ਨਾਲ ਜੁੜਨ ਅਤੇ ਨਵੇਂ ਬਣਾਉਣ ਦੀ ਆਗਿਆ ਦਿੰਦੀਆਂ ਹਨ, ਟੀਮ ਵਰਕ ਅਤੇ ਸਮਾਜਿਕ ਪਰਸਪਰ ਪ੍ਰਭਾਵ ਨੂੰ ਉਤਸ਼ਾਹਿਤ ਕਰਦੀਆਂ ਹਨ। ਬਹੁਤ ਸਾਰੀਆਂ ਵਿਦਿਅਕ ਖੇਡਾਂ ਯਾਦਦਾਸ਼ਤ, ਰਚਨਾਤਮਕਤਾ ਅਤੇ ਤਰਕਸ਼ੀਲ ਤਰਕ ਨੂੰ ਵਧਾਉਣ ਵਿੱਚ ਵੀ ਮਦਦ ਕਰਦੀਆਂ ਹਨ। ਹਾਲਾਂਕਿ, ਗੇਮਿੰਗ ਦਾ ਬਹੁਤ ਜ਼ਿਆਦਾ ਆਕਰਸ਼ਣ ਅਕਸਰ ਇੱਕ ਨਿਰਭਰਤਾ ਵੱਲ ਲੈ ਜਾਂਦਾ ਹੈ ਜੋ ਲੰਬੇ ਸਮੇਂ ਵਿੱਚ ਨੁਕਸਾਨਦੇਹ ਹੋ ਸਕਦਾ ਹੈ।

## ਬਹੁਤ ਜ਼ਿਆਦਾ ਗੇਮਿੰਗ ਦਾ ਨਕਾਰਾਤਮਕ ਪ੍ਰਭਾਵ

ਆਨਲਾਈਨ ਗੇਮਾਂ 'ਤੇ ਬਹੁਤ ਜ਼ਿਆਦਾ ਸਮਾਂ ਬਿਤਾਉਣ ਦੇ ਗੰਭੀਰ ਨਤੀਜੇ ਹੋ ਸਕਦੇ ਹਨ। ਜਿਹੜੇ ਬੱਚੇ ਲੰਬੇ ਸਮੇਂ ਤੱਕ ਗੇਮਿੰਗ ਸੈਸ਼ਨਾਂ ਵਿੱਚ ਰੁੱਝੇ ਰਹਿੰਦੇ ਹਨ, ਉਨ੍ਹਾਂ ਨੂੰ ਇਹ ਅਨੁਭਵ ਹੋ ਸਕਦਾ ਹੈ:

**ਸਿਹਤ ਸੰਬੰਧੀ ਸਮੱਸਿਆਵਾਂ:** ਜ਼ਿਆਦਾ ਸਕ੍ਰੀਨ ਟਾਈਮ ਸਰੀਰਕ ਗਤੀਵਿਧੀ ਦੀ ਘਾਟ ਕਾਰਨ ਅੱਖਾਂ ਵਿੱਚ ਤਣਾਅ, ਸਿਰ ਦਰਦ, ਮਾੜੀ ਮੁਦਰਾ ਅਤੇ ਮੋਟਾਪਾ ਪੈਦਾ ਕਰ ਸਕਦਾ ਹੈ।

**ਅਕਾਦਮਿਕ ਪ੍ਰਦਰਸ਼ਨ ਵਿੱਚ ਗਿਰਾਵਟ:** ਆਨਲਾਈਨ ਗੇਮਾਂ ਦੀ ਲਤ ਬੱਚਿਆਂ ਨੂੰ ਉਨ੍ਹਾਂ ਦੀ ਪੜ੍ਹਾਈ ਤੋਂ ਭਟਕਾ ਸਕਦੀ ਹੈ, ਜਿਸ ਨਾਲ ਮਾੜੇ ਅਕਾਦਮਿਕ ਨਤੀਜੇ ਨਿਕਲਦੇ ਹਨ।

**ਸਮਾਜਿਕ ਇਕੱਲਤਾ:** ਵਰਚੁਅਲ ਦੁਨੀਆ ਵਿੱਚ ਜ਼ਿਆਦਾ ਸਮਾਂ ਬਿਤਾਉਣ ਵਾਲੇ ਬੱਚੇ ਅਕਸਰ ਅਸਲ-ਸੰਸਾਰ, ਸਮਾਜਿਕ ਪਰਸਪਰ ਪ੍ਰਭਾਵ ਨਾਲ ਜੁੜਦੇ ਹਨ, ਜਿਸ ਨਾਲ ਇਕੱਲਤਾ ਅਤੇ ਸੰਚਾਰ ਮੁਸ਼ਕਲਾਂ ਪੈਦਾ ਹੁੰਦੀਆਂ ਹਨ।

**ਹਮਲਾਵਰ ਵਿਵਹਾਰ:** ਕੁਝ ਹਿੰਸਕ ਖੇਡਾਂ ਬੱਚਿਆਂ ਦੇ ਵਿਵਹਾਰ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਉਹਨਾਂ ਨੂੰ ਵਧੇਰੇ ਹਮਲਾਵਰ ਜਾਂ ਹਿੰਸਾ ਪ੍ਰਤੀ ਅਸੰਵੇਦਨਸ਼ੀਲ ਬਣਾ ਸਕਦੀਆਂ ਹਨ।

**ਨੀਂਦ ਵਿਕਾਰ:** ਦੇਰ ਰਾਤ ਤੱਕ ਗੇਮਿੰਗ ਨੀਂਦ ਦੇ ਪੈਟਰਨਾਂ ਨੂੰ ਵਿਗਾੜ ਸਕਦੀ ਹੈ, ਥਕਾਵਟ ਦਾ ਕਾਰਨ ਬਣ ਸਕਦੀ ਹੈ ਅਤੇ ਸਮੁੱਚੀ ਸਿਹਤ ਨੂੰ ਪ੍ਰਭਾਵਿਤ ਕਰ ਸਕਦੀ ਹੈ।

## ਸੰਤੁਲਿਤ ਗੇਮਿੰਗ ਆਦਤਾਂ ਦੀ ਲੋੜ

ਗੇਮਿੰਗ ਨੂੰ ਨਸ਼ਾ ਬਣਨ ਤੋਂ ਰੋਕਣ ਲਈ, ਮਾਪਿਆਂ ਅਤੇ ਸਰਪ੍ਰਸਤਾਂ ਨੂੰ ਇੱਕ ਸੰਤੁਲਿਤ ਪਹੁੰਚ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਸੰਤੁਲਨ ਨੂੰ ਪ੍ਰਾਪਤ ਕਰਨ ਲਈ ਕੁਝ ਰਣਨੀਤੀਆਂ ਵਿੱਚ ਸ਼ਾਮਲ ਹਨ:

**ਸਮਾਂ ਸੀਮਾਵਾਂ ਨਿਰਧਾਰਤ ਕਰਨਾ:** ਸਕ੍ਰੀਨ ਸਮੇਂ ਸੰਬੰਧੀ ਸਪੱਸ਼ਟ ਨਿਯਮ ਸਥਾਪਤ ਕਰਨਾ ਅਤੇ ਬੱਚਿਆਂ ਨੂੰ ਗੇਮਿੰਗ ਸੈਸ਼ਨਾਂ ਵਿਚਕਾਰ ਬ੍ਰੇਕ ਲੈਣ ਲਈ ਉਤਸ਼ਾਹਿਤ ਕਰਨਾ।

**ਬਾਹਰੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ:** ਬੱਚਿਆਂ ਨੂੰ ਖੇਡਾਂ, ਸਰੀਰਕ ਕਸਰਤਾਂ ਅਤੇ ਬਾਹਰੀ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਨਾ ਤਾਂ ਜੋ ਇੱਕ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

**ਵਿਦਿਅਕ ਅਤੇ ਉਤਪਾਦਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ:** ਬੱਚਿਆਂ ਨੂੰ ਨਵੇਂ ਹੁਨਰ ਵਿਕਸਤ ਕਰਨ ਵਿੱਚ ਮਦਦ ਕਰਨ ਲਈ ਪੜ੍ਹਨ, ਸੰਗੀਤ, ਪੇਂਟਿੰਗ ਜਾਂ ਕੋਡਿੰਗ ਵਰਗੇ ਸ਼ੌਕਾਂ ਨਾਲ ਜਾਣੂ ਕਰਵਾਓ।

**ਖੇਡ ਸਮੱਗਰੀ ਦੀ ਨਿਗਰਾਨੀ:** ਮਾਪਿਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਬੱਚਿਆਂ ਦੁਆਰਾ ਖੇਡੀਆਂ ਜਾਣ ਵਾਲੀਆਂ ਖੇਡਾਂ ਉਮਰ ਦੇ ਅਨੁਕੂਲ ਹੋਣ ਅਤੇ ਹਿੰਸਾ ਜਾਂ ਹੋਰ ਨਕਾਰਾਤਮਕ ਪ੍ਰਭਾਵਾਂ ਨੂੰ ਉਤਸ਼ਾਹਿਤ ਨਾ ਕਰਨ।



ਜਸਵਿੰਦਰ ਪਾਲ ਸ਼ਰਮਾ
ਸਸ ਮਾਸਟਰ
ਸਸਸਸ ਹਾਕੂਵਾਲਾ
ਸ੍ਰੀ ਮੁਕਤਸਰ ਸਾਹਿਬ
79860-27454

**ਪਰਿਵਾਰਕ ਸਮਾਂ ਉਤਸ਼ਾਹਿਤ ਕਰਨਾ:** ਬੋਰਡ ਗੇਮਾਂ, ਗੱਲਬਾਤ ਜਾਂ ਬਾਹਰ ਜਾਣ ਦੁਆਰਾ ਇਕੱਠੇ ਵਧੀਆ ਸਮਾਂ ਬਿਤਾਉਣਾ ਔਨਲਾਈਨ ਗੇਮਿੰਗ 'ਤੇ ਨਿਰਭਰਤਾ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

ਆਨਲਾਈਨ ਗੇਮਿੰਗ, ਜਦੋਂ ਸੰਜਮ ਵਿੱਚ ਵਰਤੀ ਜਾਂਦੀ ਹੈ, ਤਾਂ ਬੱਚਿਆਂ ਲਈ ਇੱਕ ਮਜ਼ੇਦਾਰ ਅਤੇ ਲਾਭਦਾਇਕ ਗਤੀਵਿਧੀ ਵੀ ਹੋ ਸਕਦੀ ਹੈ। ਹਾਲਾਂਕਿ, ਬਹੁਤ ਜ਼ਿਆਦਾ ਗੇਮਿੰਗ ਗੰਭੀਰ ਸਰੀਰਕ, ਭਾਵਨਾਤਮਕ ਅਤੇ ਮਨੋਵਿਗਿਆਨਕ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ। ਮਾਪਿਆਂ, ਸਿੱਖਿਅਕਾਂ ਅਤੇ ਸਮਾਜ ਦੀ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਨੂੰ ਸੰਤੁਲਿਤ ਸਕ੍ਰੀਨ ਸਮੇਂ ਵੱਲ ਸੇਧਿਤ ਕਰਨ, ਇਹ ਯਕੀਨੀ ਬਣਾਉਣ ਕਿ ਉਹ ਗੇਮਿੰਗ ਦੇ ਨਾਲ-ਨਾਲ ਉਤਪਾਦਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ। ਜ਼ਿੰਮੇਵਾਰ ਗੇਮਿੰਗ ਆਦਤਾਂ ਨੂੰ ਉਤਸ਼ਾਹਿਤ ਕਰਕੇ, ਅਸੀਂ ਬਚਪਨ ਨੂੰ ਨਕਾਰਾਤਮਕ ਨਤੀਜਿਆਂ ਤੋਂ ਬਚਾ ਸਕਦੇ ਹਾਂ ਅਤੇ ਇੱਕ ਸਿਹਤਮੰਦ ਪੀੜ੍ਹੀ ਨੂੰ ਉਤਸ਼ਾਹਿਤ ਕਰ ਸਕਦੇ ਹਾਂ।

# ਪੰਜਾਬ ਦੀਆਂ ਸੰਗਤਾਂ ਇਤਿਹਾਸਕ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ 'ਚ ਭਾਰੀ ਗਿਣਤੀ ਵਿੱਚ ਸ਼ਾਮਲ ਹੋਣਗੀਆਂ : ਸੰਤ ਨਿਰਮਲ ਦਾਸ ਬਾਬੇ ਜੌੜੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 30 ਮਾਰਚ (ਤਰਸੇਮ ਦੀਵਾਨਾ )ਪੰਜਾਬ ਅਤੇ ਪੰਜਾਬ ਤੋਂ ਇਲਾਵਾ ਹੋਰ ਸੂਬਿਆਂ ਦੀਆਂ ਸੰਗਤਾਂ ਭਾਰੀ ਗਿਣਤੀ ਵਿੱਚ ਇਤਿਹਾਸਕ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋਣਗੀਆਂ, ਸੰਗਤਾਂ ਵਿੱਚ ਸ਼ੋਭਾ ਯਾਤਰਾ ਲਈ ਭਾਰੀ ਉਤਸ਼ਾਹ ਹੈ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ ਰਜਿ. ਪੰਜਾਬ ਦੇ ਪ੍ਰਧਾਨ ਸੰਤ ਬਾਬਾ ਨਿਰਮਲ ਦਾਸ ਜੀ ਗੱਦੀ ਨਸ਼ੀਨ ਬਾਬੇ ਜੌੜੇ ਨੇ ਦੱਸਿਆ ਕਿ ਯਾਤਰਾ ਲਈ ਚੱਲਣ ਵਾਲੀ ਰੇਲ ਗੱਡੀ ਲਈ ਸੰਗਤਾਂ ਭਾਰੀ ਗਿਣਤੀ ਵਿੱਚ ਸੀਟਾਂ ਦੀ ਬੁੱਕ ਕਰਵਾ ਰਹੀਆਂ ਹਨ ਕਿਉਂਕਿ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ.ਵੱਲੋਂ ਇਹ ਪਹਿਲੀ ਰੇਲ ਸ਼ੋਭਾ ਯਾਤਰਾ ਹੈ।

ਉਨਾਂ ਕਿਹਾ ਕਿ ਜਲੰਧਰ ਰੇਲਵੇ ਸਟੇਸ਼ਨ ਤੋਂ ਹਰਿਦੁਆਰ ਲਈ 4 ਅਪ੍ਰੈਲ ਦਿਨ ਸ਼ੁਕਰਵਾਰ ਨੂੰ ਆਰੰਭ ਹੋਣ ਵਾਲੀ ਸ਼ੋਭਾ ਯਾਤਰਾ ਵਿਚ ਸ਼ਾਮਲ ਹੋਣ ਵਾਲੀਆਂ ਸੰਗਤਾਂ ਲਈ ਚਾਹ,ਲੰਗਰ ਅਤੇ ਠਹਿਰਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਉਨਾਂ ਕਿਹਾ ਕਿ ਸੰਗਤਾਂ ਇਤਿਹਾਸਿਕ ਦਮੜੀ ਸ਼ੋਭਾ ਯਾਤਰਾ ਵਿੱਚ ਪਹਿਲਾ ਦੀ ਤਰ੍ਹਾਂ ਹੁੰਮ ਹੁਮਾਕੇ ਸ਼ਾਮਲ ਹੋਣ ।

ਉਹਨਾਂ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਤਿਹਾਸਕ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ 4 ਅਪ੍ਰੈਲ 2025 ਦਿਨ ਸ਼ੁਕਰਵਾਰ ਰੇਲਵੇ ਸਟੇਸ਼ਨ ਜਲੰਧਰ ਤੋਂ ਬਾਅਦ ਦੁਪਹਿਰ 1 ਵਜੇ ਆਰੰਭ ਹੋਵੇਗੀ ਦੇ ਲਈ ਸਪੈਸ਼ਲ ਰੇਲ ਗੱਡੀ ਦਾ ਪ੍ਰਬੰਧ ਕੀਤਾ ਗਿਆ ਹੈ, ਜੋ ਕਿ ਜਲੰਧਰ ਤੋਂ ਚੱਲਕੇ ਫਗਵਾੜਾ, ਫਿਲੌਰ , ਲੁਧਿਆਣਾ, ਅੰਬਾਲਾ,ਸਹਾਰਨਪੁਰ ਅਤੇ ਵੱਖ ਵੱਖ ਸਟੇਸ਼ਨਾਂ ਤੇ ਰੁੱਕਣ ਤੋਂ ਬਾਅਦ ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ ਪਹੁੰਚੇਗੀ।ਓਨਾਂ ਦੱਸਿਆ ਕਿ 5 ਅਪ੍ਰੈਲ ਨੂੰ ਗੁਰੂ ਰਵਿਦਾਸ ਆਸ਼ਰਮ ਹਰਿਦੁਆਰ ਦੇ ਵੱਖ ਵੱਖ ਬਾਜ਼ਾਰਾਂ ਵਿਚੋਂ ਹੋਕੇ ਪੈਦਲ ਸ਼ੋਭਾ ਯਾਤਰਾ ਸ੍ਰੀ ਗੁਰੂ ਰਵਿਦਾਸ ਮੰਦਿਰ ਹਰਿ ਕੀ ਪਉੜੀ ਹਰਿਦੁਆਰ ਤੱਕ ਹੋਵੇਗੀ। ਉਹਨਾਂ ਦੱਸਿਆ ਕਿ 6 ਅਪ੍ਰੈਲ ਨੂੰ ਸ੍ਰੀ ਆਖੰਡ ਪਾਠ ਦੇ ਭੋਗ ਤੋਂ ਉਪਰੰਤ



ਕੀਰਤਨ ਦੇ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਰਾਗੀ ਜਥੇ, ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ ਅਤੇ ਹੋਰ ਵੱਖ ਵੱਖ ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਉਨਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ 4 ਅਪ੍ਰੈਲ ਨੂੰ ਦੁਪਹਿਰ 12 ਵਜੇ ਰੇਲਵੇ ਸਟੇਸ਼ਨ ਜਲੰਧਰ ਪਹੁੰਚਣ ਦੀ ਕ੍ਰਿਪਾਲਤਾ ਕਰਨ ।

# ਕਰਨਲ ਬਾਠ ਦੀ ਪਤਨੀ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਕੀਤੀ ਮੁਲਾਕਾਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਪਟਿਆਲਾ ਵਿੱਚ ਪੰਜਾਬ ਪੁਲਿਸ ਦੇ ਇੰਸਪੈਕਟਰਾਂ ਤੇ ਮੁਲਾਜ਼ਮਾਂ ਵੱਲੋਂ ਕਰਨਲ ਪੁਸ਼ਪਿੰਦਰ ਸਿੰਘ ਬਾਠ ਦੀ ਕੀਤੀ ਗਈ ਕੁੱਟਮਾਰ ਘਟਨਾ ਨੂੰ ਲੈ ਕੇ ਕਰਨਲ ਦੀ ਪਤਨੀ ਨੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਕਾਤ ਕੀਤੀ। ਕਰਨਲ ਬਾਠ ਦੀ ਪਤਨੀ ਜਸਵਿੰਦਰ ਬਾਠ ਨਾਲ ਕੁਝ ਆਰਮੀ ਦੇ ਸੇਵਾ ਮੁਕਤ ਅਧਿਕਾਰੀ ਸਨ।

ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਤੋਂ ਬਾਅਦ ਜਸਵਿੰਦਰ ਕੌਰ ਬਾਠ ਨੇ ਕਿਹਾ ਕਿ ਮੁੱਖ ਮੰਤਰੀ ਨੇ ਉਨ੍ਹਾਂ ਦਾ ਸਿਰ ਪਲੋਸਿਆ ਹੈ। ਉਨ੍ਹਾਂ ਵਿਸ਼ਵਾਸ ਦਿੱਤਾ ਹੈ ਕਿ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਕੀਤੀ ਜਾਵੇਗੀ। ਉਨ੍ਹਾਂ ਉਸੇ ਸਮੇਂ ਅਧਿਕਾਰੀਆਂ ਨੂੰ ਬੁਲਾ ਕਾਰਵਾਈ ਕਰਨ ਦੇ ਹੁਕਮ ਦਿੱਤੇ। ਉਨ੍ਹਾਂ ਇਹ ਵੀ ਦੱਸਿਆ ਕਿ ਅੱਜ ਸ਼ਾਮ ਤੱਕ ਪੂਰੀ ਸਥਿਤੀ ਸਾਫ ਕਰਨ ਦੀ ਗੱਲ ਕਹੀ ਗਈ ਹੈ।

# ਸਲਾਈਟ ਵਿਖੇ ਦੋ ਰੋਜ਼ਾ ਮਧੁਰਮ ਸਮਾਗਮ 4 ਅਪ੍ਰੈਲ ਤੋਂ - ਡਾਇਰੈਕਟਰ ਮਣੀਕਾਂਤ ਪਾਸਵਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਲੌਂਗੋਵਾਲ, 31 ਮਾਰਚ (ਜਗਸੀਰ ਸਿੰਘ )- ਭਾਰਤ ਸਰਕਾਰ ਦੀ ਪ੍ਰਮੁੱਖ ਤਕਨੀਕੀ ਸੰਸਥਾ ਸੰਤ ਲੌਂਗਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ (ਡੀਮਡ ਯੂਨੀਵਰਸਿਟੀ ) ਸਲਾਈਟ ਲੌਂਗੋਵਾਲ ਵਿਖੇ 4 ਤੇ 5 ਅਪ੍ਰੈਲ ਨੂੰ ਹੋਣ ਵਾਲੇ ਸ਼ਾਨਦਾਰ ਸੱਭਿਆਚਾਰਕ ਅਤੇ ਸਮਾਜਿਕ ਪ੍ਰੋਗਰਾਮ, ਮਧੁਰਮ 2025 ਸਬੰਧੀ ਚੱਲ ਰਹੀਆਂ ਤੇ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਦੀ ਜਾਣਕਾਰੀ



ਦੇਣ ਲਈ ਸਲਾਈਟ ਦੇ ਡਾਇਰੈਕਟਰ ਡਾ. ਮਨੀਕਾਂਤ ਪਾਸਵਾਨ ਵੱਲੋਂ ਸੰਸਥਾ ਦੇ ਗੈਸਟ ਹਾਊਸ ਵਿਖੇ ਪ੍ਰੈੱਸ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਸ ਸਮੇਂ ਉਹਨਾਂ ਦੱਸਿਆ ਇਨ੍ਹਾਂ ਗਤੀਵਿਧੀਆਂ ਵਿੱਚ ਮੁੱਖ ਤੌਰ 'ਤੇ ਪਿੰਗਲਵਾੜਾ ਸੰਗਰੂਰ ਵਿਖੇ ਆਯੋਜਿਤ ਖੂਨਦਾਨ ਮੁਹਿੰਮ ਸੀ, ਜਿਸ ਵਿੱਚ ਸਲਾਈਟ ਦੇ 50 ਦੇ ਕਰੀਬ ਵਿਦਿਆਰਥੀਆਂ ਨੇ ਖੂਨਦਾਨ ਦੇ ਕੇ ਸਮਰਪਣ ਭਾਵਨਾ ਦਿਖਾਈ। ਇਸ ਤੋਂ ਇਲਾਵਾ ਨਸ਼ਾ ਵਿਰੋਧੀ ਰੈਲੀ, ਓਪਨ ਮਾਈਕ ਸੈਸ਼ਨ, ਕ੍ਰਿਕੇਟ ਅਤੇ ਫਿਲਮ ਸਕਰੀਨਿੰਗ ਵਿੱਚ ਵੀ ਤਨ-ਮਨ ਨਾਲ ਭਾਗ ਲਿਆ। ਉਨ੍ਹਾਂ ਜਾਣਕਾਰੀ ਦਿੱਤੀ ਕਿ ਮਧੁਰਮ 2025 ਭੰਗੜਾ ਕੱਪ, ਜਿਸ ਲਈ ਬਹੁਤ ਸਾਰੇ ਕਾਲਜਾਂ ਨੇ ਉਤਸ਼ਾਹ ਨਾਲ ਰਜਿਸਟਰ ਕੀਤਾ ਹੈ, ਦਾ ਸੱਭਿਆਚਾਰਕ ਸਪੈਕਟ੍ਰਮ, ਡਾਂਸ ਅਤੇ ਗਾਇਨ ਦੋਵਾਂ ਸ਼੍ਰੇਣੀਆਂ ਵਿੱਚ ਸੋਲੋ ਅਤੇ ਡੁਏਟ ਪ੍ਰਦਰਸ਼ਨ, ਫਲੈਸ਼ ਮੋਬ ਵਰਗੇ ਪ੍ਰੋਗਰਾਮ ਤੇ 2 ਅਪ੍ਰੈਲ ਨੂੰ ਬੈਡਮਿੰਟਨ ਦੇ ਮੁਕਾਬਲੇ ਕਰਵਾਏ ਜਾਣਗੇ ।ਇਸ ਸਮੇਂ ਡੀਨ ਸਟੂਡੈਂਟ ਵੈਲਫੇਅਰ ਡਾ. ਐਮ.ਐਮ. ਸਿਨਹਾ (ਪੈਟਰਨ), ਪ੍ਰਬੰਧਕ ਟੀਮ ਵਿੱਚ ਡਾ. ਇੰਦਰਰਾਜ ਸਿੰਘ (ਚੇਅਰਮੈਨ), ਡਾ. ਵਿਵੇਕ ਕੁਮਾਰ (ਵਾਈਸ ਚੇਅਰਮੈਨ), ਪ੍ਰੋ. ਵਿਜੇ ਕੁਮਾਰ ਕੁਕਰੇਜਾ (ਮੀਡੀਆ ਇੰਚਾਰਜ ਸਲਾਈਟ),ਡਾ. ਯੋਗੇਸ਼ ਕਪਿਲ, ਡਾ. ਸੁਧੀਰ ਕੁਮਾਰ, ਅਤੇ ਸ੍ਰਿਸ਼ਟੀ (ਜਨ ਸੰਪਰਕ ਕੋਆਰਡੀਨੇਟਰ) ਸ਼ਾਮਲ ਹਨ।

# ਦੋਆਬਾ ਅਕੈਡਮੀ ਨੇ ਗਲਾਸਗੋ ਦੇ ਯੋਗਾ ਅਧਿਆਪਕ ਦੀ ਕਿਤਾਬ ਲਾਂਚ ਕੀਤੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਫਗਵਾੜਾ (ਸ਼ਿਵ ਕੌੜਾ) ਕੱਲ੍ਹ, ਦੋਆਬਾ ਸਾਹਿਤ ਅਤੇ ਕਲਾ ਅਕੈਡਮੀ ਵੱਲੋਂ ਆਰੀਆ ਮਾਡਲ ਸੀ.ਐਸ. ਸਕੂਲ, ਗਊਸ਼ਾਲਾ ਰੋਡ ਵਿਖੇ ਆਯੋਜਿਤ ਇੱਕ ਵਿਸ਼ੇਸ਼ ਮੀਟਿੰਗ ਵਿੱਚ, ਗਲਾਸਗੋ, ਬ੍ਰਿਟੇਨ ਵਿੱਚ ਰਹਿਣ ਵਾਲੇ ਇੱਕ ਭਾਰਤੀ ਯੋਗਾ ਅਧਿਆਪਕ ਅੰਮ੍ਰਿਤ ਪਾਲ ਕੌਂਸ਼ਲ ਦੁਆਰਾ ਲਿਖੀ ਅਤੇ ਆਸਥਾ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਕਿਤਾਬ ‘ਯੋਗਾ ਅਤੇ ਵਿਗਿਆਨਕ ਸਬੂਤ’ ਦਾ ਉਦਘਾਟਨ ਕੀਤਾ ਗਿਆ।ਇਸਨੂੰ ਪ੍ਰੋਗਰਾਮ ਵਿੱਚ ਰਿਲੀਜ਼ ਕੀਤਾ ਗਿਆ ਸੀ। ਭਾਰਤੀ ਯੋਗ ਸੰਸਥਾਨ ਦੇ ਫਗਵਾੜਾ ਜ਼ਿਲ੍ਹੇ ਦੇ ਸਕੱਤਰ ਧੀਰਜ ਵੈਦਿਆ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਨੂੰ ਸੰਬੋਧਨ ਕਰਦਿਆਂ, ਅੰਮ੍ਰਿਤ ਪਾਲ ਕੌਸ਼ਲ, ਜੋ ਆਪਣੇ ਕੰਮ ਲਈ ਮਸ਼ਹੂਰ ਹਨ ਅਤੇ



ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੈਥ ਦੁਆਰਾ ਸਨਮਾਨਿਤ ਕੀਤੇ ਗਏ ਹਨ, ਨੇ ਕਿਹਾ ਕਿ ਯੋਗ ਜੀਵਨ ਜਿਊਣ ਦੀ ਕਲਾ ਹੈ ਅਤੇ ਹਰ ਜੀਵ ਨੂੰ ਇਸਦਾ ਅਭਿਆਸ ਕਰਨਾ ਚਾਹੀਦਾ ਹੈ। ਗਲਾਸਗੋ ਵਿੱਚ, ਸਾਡੇ ਲੋਕਾਂ ਨਾਲੋਂ ਵਿਦੇਸ਼ੀਆਂ ਦਾ ਯੋਗਾ ਪ੍ਰਤੀ ਆਕਰਸ਼ਣ ਵੱਧ ਹੈ। ਇਹ ਭਾਰਤ ਦੀ ਮਹਾਨ ਸੰਸਕ੍ਰਿਤੀ ਦਾ ਪ੍ਰਭਾਵ ਹੈ ਕਿ ਅੱਜ ਭਾਰਤ ਅਤੇ ਵਿਦੇਸ਼ਾਂ ਵਿੱਚ ਲੋਕ ਇਸਨੂੰ ਅਪਣਾ ਰਹੇ ਹਨ। 85 ਸਾਲਾ ਯੋਗਾ ਅਧਿਆਪਕ ਨੇ ਓਮ ਦਾ ਜਾਪ, ਯੋਗਾ ਅਭਿਆਸ ਅਤੇ ਕੁਝ ਆਸਣ ਪੇਸ਼ ਕੀਤੇ। ਜਦੋਂ ਅਕੈਡਮੀ ਦੇ ਪ੍ਰਧਾਨ ਡਾ. ਜਵਾਹਰ ਧੀਰ ਨੇ ਸਟੇਜ ਸੰਚਾਲਨ ਕਰਦੇ ਹੋਏ ਧੀਰਜ ਵੈਦਿਆ ਨੂੰ ਮੁੱਖ ਮਹਿਮਾਨ ਨਾਲ ਜਾਣ-ਪਛਾਣ ਕਰਵਾਈ ਤਾਂ ਦਰਸ਼ਕਾਂ ਨੇ ਜ਼ੋਰਦਾਰ ਤਾੜੀਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਇੱਕ ਪਚਾਸੀ ਸਾਲ ਦਾ ਯੋਗਾ ਅਧਿਆਪਕ ਇੱਕ ਨੌਜਵਾਨ ਵਾਂਗ ਚੁਸਤ ਹੈ। ਇਹ ਸਭ ਯੋਗਾ ਦੇ ਪ੍ਰਭਾਵ ਕਾਰਨ ਹੈ। ਇਸ ਮੌਕੇ ‘ਤੇ ਮੌਜੂਦ ਹੋਰ ਯੋਗਾ ਅਧਿਆਪਕਾਂ, ਦੇਵ ਕਾਲੀਆ ਅਤੇ ਯਸ਼ ਚੋਪੜਾ ਨੇ ਵੀ ਇਸ ਸ਼ਾਨਦਾਰ ਸਮਾਗਮ ਦੀ ਪ੍ਰਸ਼ੰਸਾ ਕੀਤੀ। ਅਕੈਡਮੀ ਦੇ ਇਸ ਪ੍ਰੋਗਰਾਮ ਵਿੱਚ ਪ੍ਰਸਿੱਧ ਕਵੀ ਸੁਖਦੇਵ ਸਿੰਘ ਗੰਡਵਾਂ, ਹਰਚਰਨ ਭਾਰਤੀ, ਦਿਲੀਪ ਕੁਮਾਰ ਪਾਂਡੇ, ਜਤਿੰਦਰ ਗੁਪਤਾ, ਪ੍ਰਿੰਸੀਪਲ ਧਰਮਵੀਰ ਨਾਰੰਗ, ਮਨੋਜ ਫਗਵਾੜਵੀ, ਪ੍ਰੀਤ ਕੌਰ ਪ੍ਰੀਤੀ ਅਤੇ ਡਾ. ਜਵਾਹਰ ਧੀਰ ਨੇ ਆਪਣੀਆਂ ਕਵਿਤਾਵਾਂ ਸੁਣਾ ਕੇ ਮਾਹੌਲ ਨੂੰ ਸੁਹਾਵਣਾ ਬਣਾਇਆ। ਇਸ ਮੌਕੇ ਅਮਰੀਕਾ ਤੋਂ ਓਮ ਪ੍ਰਕਾਸ਼ ਕਮਲ ਪੱਤਰਕਾਰ, ਪ੍ਰਿੰਸੀਪਲ ਰਾਜਨ ਭਾਰਦਵਾਜ (ਨਵਾਂ ਸ਼ਹਿਰ), ਪੁਨੀਤ ਸ਼ੁਕਲਾ, ਮਲਕੀਤ ਸਿੰਘ ਰਾਘਵਤਰਾ, ਅਸ਼ੋਕ ਕੁਮਾਰ ਸ਼ਰਮਾ ਪੱਤਰਕਾਰ, ਸ਼ਿਵ ਕੌੜਾ ਪੱਤਰਕਾਰ, ਅਰੁਣ ਬਹਿਲ, ਪਵਨ ਰਾਣਾ, ਨਵੀਨ ਲਖਨਪਾਲ ਬ੍ਰਿਜ ਰਾਣੀ ਕੌਸ਼ਲ ਗਲਾਸਗੋ, ਪੂਜਾ ਸ਼ੁਕਲਾ, ਰਾਧਿਕਾ ਸ਼ੁਕਲਾ, ਰਿੰਮੀ ਭਾਰਦਵਾਜ, ਕਨਵ ਭਾਰਦਵਾਜ, ਸੀਮਾ, ਰਾਜੂ ਰਾਏ ਆਦਿ ਹਾਜ਼ਰ ਸਨ।

# ਈਦ ਦਾ ਤਿਉਹਾਰ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਲੌਂਗੋਵਾਲ,31 ਮਾਰਚ (ਜਗਸੀਰ ਸਿੰਘ) -

ਅੱਜ ਕਸਬਾ ਲੌਂਗੋਵਾਲ ਦੀ ਪੁਰਾਣੀ ਜਾਮਾ ਮਸਜਿਦ ਸੁਨਾਮੀ ਪੱਤੀ ਵਿਖੇ ਇਸਲਾਮ ਧਰਮ ਦਾ ਪਵਿੱਤਰ ਤਿਉਹਾਰ ਈਦ ਉਲ ਫਿਤਰ ਪੂਰਨ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਗਿਆ | ਇਸ ਮੌਕੇ ਮਸਜਿਦ ਦੇ ਮੌਲਵੀ ਸਾਹਿਬ ਵੱਲੋਂ ਇਸਲਾਮਿਕ ਅਕੀਦੇ ਮੁਤਾਬਿਕ ਮਸਜਿਦ ਵਿੱਖੇ ਇਕੱਤਰ ਹੋਏ ਲੋਕਾਂ ਨੂੰ ਈਦ ਦੀ ਨਮਾਜ਼ ਅਦਾ ਕਾਰਵਾਈ ਗਈ| ਇਸ ਸਮੇਂ ਮੌਜੂਦ ਲੋਕਾਂ ਵੱਲੋਂ ਇੱਕ ਦੂਜੇ



ਨੂੰ ਗਲੇ ਲਗਾਕੇ ਈਦ ਦੀ ਵਧਾਈ ਦਿੱਤੀ ਗਈ| ਇਸ ਮੌਕੇ ਕਸਬੇ ਦੇ ਆਗੂਆਂ ਬਲਵਿੰਦਰ ਸਿੰਘ ਢਿੱਲੋਂ, ਅੰਮ੍ਰਿਤਪਾਲ ਸਿੰਘ ਸਿੱਧੂ, ਰਾਜ ਸਿੰਘ ਰਾਜੂ, ਵਿੱਕੀ ਵਸ਼ਿਸ਼ਟ, ਸੁਖਪਾਲ ਬਾਜਵਾ, ਪ੍ਰੀਤਮ ਫੌਜੀ ਸਾਰੇ ਆਪ ਆਗੂ, ਸਰਪੰਚ ਨਿਹਾਲ ਸਿੰਘ, ਗੁਰਜੰਟ ਸਿੰਘ ਦੁੱਲਟ ਪ੍ਰਧਾਨ, ਕੌਂਸਲਰ ਮੇਲਾ ਸਿੰਘ ਸੂਬੇਦਾਰ, ਜਥੇਦਾਰ ਅਵਤਾਰ ਸਿੰਘ ਦੁੱਲਟ, ਸੁਰਜੀਤ ਸਿੰਘ ਮੱਸੇਕਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਿਲ੍ਹਾ ਜਨਰਲ ਸਕੱਤਰ ਅਮਰਜੀਤ ਸਿੰਘ ਗਿੱਲ, ਗੌਰੀ ਸ਼ੰਕਰ, ਸਤਨਾਮ ਸਿੰਘ, ਗੋਲਡੀ, ਇਸ਼ਵਿੰਦਰ ਸਿੰਘ ਬਿੰਦੀ ਆਦਿ ਨੇ ਵੀ ਮਸਜਿਦ ਵਿੱਚ ਹਾਜ਼ਰੀ ਭਰਦਿਆਂ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਈਦ ਉਲ਼ ਫ਼ਿਤਰ ਵਧਾਈ ਦੇ ਕੇ ਸਰਬ ਧਰਮ ਇਕੱਤਰਤਾ ਦਾ ਸਬੂਤ ਪੇਸ਼ ਕੀਤਾ| ਇਸ ਮੌਕੇ ਮਸਜਿਦ ਦੇ ਪ੍ਰਬੰਧਕਾਂ ਵੱਲੋਂ ਵੱਡੇ ਪੱਧਰ ਤੇ ਅਟੁੱਟ ਲੰਗਰ ਵਰਤਾਇਆ ਗਿਆ| ਇਸ ਸਮੇਂ ਨਿਗਮ ਖਾਨ ਪ੍ਰਧਾਨ ਇਸਲਾਮੀਆ ਵੈਲਫੇਅਰ ਸੋਸਾਇਟੀ, ਅਸਲਮ ਖਾਨ, ਹਰਬੰਸ ਖਾਨ, ਗੁਰਜੰਟ ਖਾਨ, ਮੇਜਰ ਖਾਨ, ਕਰਮਜੀਤ ਖਾਨ, ਰਹਿਮਦੀਨ, ਡਾ. ਰਾਜ ਖਾਨ, ਮੁਸਤਾਕ ਖਾਨ , ਯੋਧਾ ਖਾਨ, ਅਬਦੁੱਲ ਸਿਤਾਰ, ਸਾਬਿਰ ਖਾਨ, ਤਾਜ ਖਾਨ, ਰਵੀ ਖਾਨ, ਅਵੈਸ਼ ਖਾਨ, ਗੁਰਮੇਲ ਖਾਨ, ਨਿਰਮਲ ਖਾਨ, ਗੁਰਪ੍ਰੀਤ ਖਾਨ, ਜੱਗਾ ਖਾਨ, ਸਲੀਮ ਖਾਨ, ਸਮੇਤ ਵੱਡੀ ਗਿਣਤੀ ਵਿੱਚ ਮੁਸਲਿਮ ਭਾਈਚਾਰੇ ਦੇ ਲੋਕ ਹਾਜ਼ਰ ਸਨ ।

# ਓ.ਟੀ.ਟੀ ਪਲੇਟਫਾਰਮ ਅਤੇ ਫਿਲਮ ਫੈਸਟੀਵਲ ਬਣੇ ਛੋਟੇ ਨਿਰਮਾਤਾ ਦੇ ਲਈ ਵਰਦਾਨ

## ਆਉਣ ਵਾਲੀ ਨਵੀ ਪੰਜਾਬੀ ਫਿਲਮ “ਤੂੰ ਆ ਗਿਆ” ਦੀ ਸ਼ੂਟਿੰਗ ਹੋਈ ਖ਼ਤਮ ਜਲਦ ਹੋਵੇਗੀ ਰਿਲਿਜ਼ : ਨਿਰਮਾਤਾ ਦੇਵੀ ਸ਼ਰਮਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਅੰਮ੍ਰਿਤਸਰ ( ਸਵਿੰਦਰ ਸਿੰਘ/ਬੇਅੰਤ ਸਿੰਘ ਰੋਹਟੀ ਖਾਸ) ਅੱਜ ਕੱਲ ਸਮਾਂ ਬਹੁਤ ਬਦਲ ਚੁੱਕਾ ਹੈ ਕੁਝ ਸਮਾਂ ਪਹਿਲਾ ਜੇ ਅਸੀਂ ਗੱਲ ਕਰੀਏ ਤਾ ਇੱਕ ਫਿਲਮ ਨੂੰ ਰਿਲੀਜ ਕਰਨਾ ਇੱਕ ਨਿਰਮਾਤਾ ਦੇ ਲਈ ਬਹੁਤ ਮੁਸ਼ਕਿਲ ਹੁੰਦਾ ਸੀ ਪਰ ਜਦੋ ਦਾ ਸੋਸ਼ਲ ਮੀਡਿਆ ਪਲੇਟਫਾਰਮ ਸ਼ੁਰੂ ਹੋਇਆ ਹੈ ਛੋਟੇ ਨਿਰਮਾਤਾ ਅਤੇ ਨਿਰਦੇਸ਼ਕਾਂ ਨੇ ਕੁਝ ਸੁਖ ਦਾ ਸ਼ਾਹ ਲਿਆ ਹੈ ਅਤੇ ਆਪਣੀਆ ਫ਼ਿਲਮਾਂ ਨੂੰ ਦਰਸ਼ਕਾਂ ਤੱਕ ਪਹੁੰਚਾਉਣ ਦੇ ਲਈ ਇਹਨਾਂ ਛੋਟੇ ਪਲੇਫਾਰਮਾ ਤੇ ਰਿਲੀਜ਼ ਕਰਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ ਹੈ ਤੇ ਜਿਸ ਲਈ ਨਿਰਮਾਤਾ ਅਤੇ ਨਿਰਦੇਸ਼ਕ ਓ.ਟੀ.ਟੀ ਪਲੇਟਫਾਰਮ ਉਨ੍ਹਾਂ ਦੇ ਲਈ ਇੱਕ ਵਰਦਾਨ ਸਾਬਿਤ ਹੋਇਆ ਹੈ !



ਦੇਵੀ ਸ਼ਰਮਾ ਫਿਲਮਸ ਦੇ ਬੈਨਰ ਹੇਠ ਬਣ ਰਹੀ ਪੰਜਾਬੀ ਫਿਲਮ “ਤੂੰ ਆ ਗਿਆ” ਦੀ ਲੱਗਭਗ ਸ਼ੂਟਿੰਗ ਖ਼ਤਮ ਹੋ ਚੁੱਕੀ ਹੈ ਅਤੇ ਇਹ ਫਿਲਮ ਦੀ ਪੋਸਟ ਪ੍ਰੋਡਕਸ਼ਨ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਜਿਸ ਦੀ ਜਾਣਕਾਰੀ ਪੰਜਾਬੀ ਫ਼ਿਲਮਾਂ ਦੇ ਪ੍ਰਸਿੱਧ ਡੀ ਉ ਪੀ.ਤੇ ਫਿਲਮ ਨਿਰਦੇਸ਼ਕ ਦੇਵੀ ਸ਼ਰਮਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਫਿਲਮ ਦਾ ਨਿਰਦੇਸ਼ਨ ਖੁਸ਼ਬੂ ਸ਼ਰਮਾ ਵੱਲੋਂ ਕੀਤਾ ਗਿਆ ਹੈ ! ਫ਼ਿਲਮ ਦੀ ਕਹਾਣੀ ਨੂੰ ਮੋਤੀਆ ਦੀ ਮਾਲਾ ਦੇ ਵਿੱਚ ਪਰੋਇਆ ਹੈ ਬਾਲੀਵੁੱਡ,ਪਾਲੀਵੁੱਡ ਫ਼ਿਲਮਾਂ ਦੇ ਅਦਾਕਾਰ ਅਤੇ ਲੇਖਕ ਹਰਜੀਤ ਵਾਲੀਆਂ ਨੇ ! ਜ਼ਿਕਰਯੋਗ ਹੈ ਕਿ ਜਦੋ ਦੇ ਫਿਲਮ ਇੰਡਸਟਰੀ ਦੇ ਵਿੱਚ ਫਿਲਮ ਫੈਸਟੀਵਲ ਦਾ ਰੁਝਾਣ ਸ਼ੁਰੂ ਹੋਇਆ ਹੈ ਤਾ ਫਿਲਮ ਮੇਕਰਾ ਅਤੇ ਕਲਾਕਾਰਾ ਨੂੰ ਵੀ ਕਾਫੀ ਹੌਸਲਾ ਮਿਲਿਆ ਹੈ!

ਦੇਵੀ ਸ਼ਰਮਾ ਨੇ ਦੱਸਿਆ ਕਿ ਇਸ ਫਿਲਮ ਦੀ ਕਹਾਣੀ ਉਹਨਾਂ 2 ਕਲਾਕਾਰਾ ਤੇ ਨਿਰਭਰ ਹੈ ਹੈ ਜੋ ਉਮਰ ਦੇ ਵਿੱਚ 40 ਤੋਂ 45 ਸਾਲ ਦੇ ਹਨ ਜਿੰਨਾ ਵਿੱਚ ਇੱਕ ਔਰਤ ਹੈ ਜਿਸ ਤਾਂ ਕੁਝ ਕਾਰਨਾ ਦੇ ਕਰਕੇ ਤਲਾਕ ਹੋ ਜਾਂਦਾ ਹੈ ਅਤੇ ਬਾਅਦ ਵਿੱਚ ਇਹਨਾਂ ਦੋਵਾਂ ਨੂੰ ਪਿਆਰ ਹੋ ਜਾਂਦਾ ਹੈ ਪਰ ਉਨ੍ਹਾਂ ਦੀਆਂ ਉਮਰਾਂ ਨੂੰ ਵੇਖਦੇ ਹੋਏ ਜੋ ਅਟਕਲਾ ਆਉਂਦੀਆਂ ਹਨ ਉਹ ਇਸ ਫਿਲਮ ਦੇ ਵਿੱਚ ਵਿਖਾਇਆ ਗਿਆ ਹੈ ! ਇਸ ਫਿਲਮ ਦੇ ਰਾਹੀਂ ਅਸੀਂ ਸਮਾਜ ਨੂੰ ਇੱਕ ਚੰਗਾ ਸੰਦੇਸ਼ ਦੇਣ ਦੀ ਕੋਸ਼ਿਸ ਕੀਤੀ ਹੈ ਕਿ ਪਿਆਰ ਮੁਹੱਬਤ ਦੇ ਵਿੱਚ ਉਮਰ ਦੀ ਕੋਈ ਸੀਮਾ ਨਹੀਂ ਹੁੰਦੀ ਪਿਆਰ ਕਿਸੇ ਵੀ ਉਮਰ ਦੇ ਵਿੱਚ ਹੋ ਸਕਦਾ ਹੈ ਪਰ ਸਾਡੇ ਸਮਾਜ ਵੱਲੋਂ ਇਲਜਾਮਾ ਦੀ ਝੜੀ ਲੱਗ ਜਾਂਦੀ ਹੈ ਇੱਕ ਔਰਤ ਨੂੰ ਆਪਣੇ ਆਪ ਤੇ ਸਭ ਕੁਝ ਝੱਲਣਾ ਪੈਂਦਾ ਹੈ ਬਾਕੀ ਤੁਸੀ ਇਹ ਸਾਡੀ ਫਿਲਮ ਜਲਦ ਹੀ ਸੋਸ਼ਲ ਮੀਡਿਆ ਤੇ ਵੇਖ ਕੇ ਆਪਣੇ ਸੁਝਾਅ ਵੀ ਦੇ ਸਕਦੇ ਹੋ ਸਾਨੂੰ ਉਮੀਦ ਹੈ ਕੇ ਸਰੋਤੇ ਤੇ ਦਰਸ਼ਕਾਂ ਨੂੰ ਸਾਡੀ ਇੱਹ ਨਿੱਕੀ ਜਿਹੀ ਕੋਸ਼ਿਸ਼ ਨੂੰ ਜਰੂਰ ਪਸੰਦ ਕਰਨਗੇ ਤੇ ਆਪਣਾਂ ਪਿਆਰ ਦੇਣਗੇ ਅਤੇ ਆਉਣ ਵਾਲੇ ਸਮੇ ਦੇ ਦੌਰਾਨ ਇਹ ਫਿਲਮ ਨੈਸ਼ਨਲ ਤੇ ਇੰਟਰਨੈਸ਼ਨਲ ਫਿਲਮ ਫੈਸਟੀਵਲ ਦਾ ਹਿੱਸਾ ਬਣੇਗੀ !

ਫਿਲਮ ਦੀ ਸਟਾਰ ਕਾਸ੍ਟ ਦੇ ਵਿੱਚ ਹਰਜੀਤ ਵਾਲੀਆ,ਹੀਰਾ ਕੌਰ.ਪੂਨਮ ਸੂਦ.ਸੁਖਦੇਵ ਬਰਨਾਲਾ.ਡੇਵੀ ਸਿੰਘ.ਨਗਿੰਦਰ ਗੱਖੜ.ਸਤਵੰਤ ਕੌਰ.ਪਲਵਿੰਦਰ ਧਾਮੀ.ਅਸ਼ੋਕ ਤਾਂਗੜੀ,ਪਿੰਕੀ ਸੱਗੂ.ਅਮਰੀਕ ਰੰਧਾਵਾ.ਅਸ਼ੋਕ ਕਾਲੜਾ.ਕੁਲਦੀਪ ਨਿਆਮੀ. ਵਰਿੰਦਰ ਸਿੱਧੂ.ਜਗਤਾਰ ਸਿੰਘ ਭੰਗੂ, ਸਿਮਰਨ ਕੌਰ ਧਾਲੀਵਾਲ.ਸਹਿਜਪ੍ਰੀਤ ਕੌਰ.. ਗੁਰਨੇਬ ਸਾਜਨ.. ਸਪਨਾ ਬਰਾੜ,ਅਮਰਜੀਤ.ਕਰਨੈਲ ਦਾਸ.ਮੁਖਤਿਆਰ ਸਿੰਘ.. ਰਣਜੀਤ ਕੌਰ..ਰਜਿੰਦਰ ਅਬਲੂ. ਆਪਣੀ ਅਹਿਮ ਭੂਮਿਕਾ ਨਿਭਾਉਂਦੇ ਹੋਏ ਨਜ਼ਰ ਆਉਣਗੇ

# ਹਰਿਆਵਲ ਪੰਜਾਬ ਵੱਲੋਂ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਨੂੰ ਹਰਿਆ ਭਰਿਆ ਰੱਖਣਾ ਜਰੂਰੀ

## ਅਸੀਂ ਅੰਮ੍ਰਿਤਸਰ ਗੁਰੂ ਨਗਰੀ ਦੇ ਵੱਖ ਵੱਖ ਸਕੂਲਾਂ ਕਾਲਜਾਂ ਦੇ ਵਿੱਚ ਲਗਾਏ ਰੁੱਖ : ਮਨਜੀਤ ਥਿੰਡ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਅੰਮ੍ਰਿਤਸਰ (ਸਵਿੰਦਰ ਸਿੰਘ /ਬੇਅੰਤ ਸਿੰਘ ਰੋਹਟੀ ਖਾਸ) ਹਰਿਆਵਲ ਪੰਜਾਬ ਵੱਲੋਂ ਅੰਮ੍ਰਿਤਸਰ ਗੁਰੂ ਨਗਰੀ ਦੇ ਵੱਖ ਵੱਖ ਸਕੂਲਾਂ ਕਾਲਜਾਂ ਦੇ ਵਿੱਚ ਲਗਾਏ ਰੁੱਖ ਲਗਾਏ ਜਾ ਰਹੇ ਹਨ ਇਸ ਦਾ ਪ੍ਰਗਟਾਵਾ ਹਰਿਆਵਲ ਪੰਜਾਬ ਦੀ ਜ਼ਿਲ੍ਹਾ ਸੈਕਟਰੀ ਮਨਜੀਤ ਥਿੰਡ ਨੇ ਕੀਤਾ ਅਤੇ ਦੱਸਿਆ ਕਿ ਬੀਤੇ ਸਮੇ ਦੇ ਦੌਰਾਨ ਸਾਡੇ ਵੱਲੋ ਬਹੁਤ ਸਾਰੇ ਫਲਦਾਰ ਅਤੇ ਛਾਅਦਾਰ ਰੁੱਖਾਂ ਦੀ ਕਟਾਈ ਕੀਤੀ ਗਈ



ਜਿਸ ਦੌਰਾਨ ਸਾਡਾ ਵਾਤਾਵਰਨ ਬਹੁਤ ਖ਼ਰਾਬ ਹੋਇਆ ਜਿਸ ਕਰਕੇ ਹਰਿਆਵਲ ਪੰਜਾਬ ਦੀ ਟੀਮ ਨੇ ਸੰਕਲਪ ਕੀਤਾ ਕਿ ਜੋ ਕੁਦਰਤੀ ਆਫ਼ਤਾਂ ਜਿੰਨਾ ਤੋਂ ਸਾਨੂੰ ਖਤਰਾ ਹੈ ਉਸ ਦੇ ਵਿਰੁੱਧ ਅਸੀਂ ਰੁੱਖ ਲਗਾਉਣ ਦੀ ਮੁਹਿੰਮ ਨੂੰ ਬੜੇ ਤੇਜੀ ਦੇ ਨਾਲ ਅੱਗੇ ਵਧਾ ਕੇ ਉਸ ਵਿੱਚ ਸਫਲ ਹੋਵੇਗਾ ਇਸ ਤਾ ਪ੍ਰਣ ਲਿਆ ਹੈ ਮੇਰੀ ਹਰਿਆਵਲ ਪੰਜਾਬ ਦੀ ਪੂਰੀ ਟੀਮ ਨੇ ਇਸ ਵਿੱਚ ਬਹੁਤ ਮਿਹਨਤ ਕੀਤੀ ਹੈ ਅਤੇ ਅੱਗੇ ਅਸੀਂ ਕਰਦੇ ਵੀ ਰਹਾਂਗੇ !

ਹਰਿਆਵਲ ਪੰਜਾਬ ਦੀ ਜਿਲ੍ਹਾ ਸੈਕਟਰੀ ਮਨਜੀਤ ਥਿੰਡ ਨੇ ਦੱਸਿਆ ਕਿ ਪੰਜਾਬ ਦੇ ਵਿੱਚ ਪਾਣੀ ਦਾ ਲੈਵਲ ਬਹੁਤ ਥੱਲੇ ਜਾ ਚੁੱਕਾ ਹੈ ਜਿਸ ਕਰਕੇ ਪਾਣੀ ਪੀਣ ਦੇ ਲਈ ਧਰਤੀ ਵਿੱਚੋ ਪਾਣੀ ਕੱਢਣ ਦੇ ਲਈ ਬੋਰ ਵੀ ਡੂੰਗੇ ਡੂੰਗੇ ਪੁੱਟਣੇ ਪੈਂਦੇ ਹਨ ਪਰ ਜੇ ਅਸੀਂ ਆਪਣੇ ਘਰਾਂ ਤੋਂ ਹੀ ਇਸ ਦੀ ਸ਼ੁਰੂਵਾਤ ਕਰੀਏ ਕਿ ਅਸੀਂ ਰੁੱਖ ਲਗਾਉਣੇ ਹਨ ਤਾ ਇਸ ਨਾਲ ਜਿਥੇ ਸਾਡਾ ਵਾਤਾਵਰਨ ਸ਼ੁੱਧ ਹੋਵੇਗਾ ਉਥੇ ਸਾਡਾ ਆਕਸੀਜਨ ਦਾ ਲੈਵਲ ਵੀ ਵਧੇਗਾ ਜਿਸ ਨਾਲ ਅਸੀਂ ਬਹੁਤ ਸਾਰੀਆਂ ਭਿਆਨਕ ਬਿਮਾਰੀਆਂ ਤੋਂ ਬਚ ਸਕਦੇ ਹਾ ਅਸੀਂ ਸਾਰਿਆ ਨੂੰ ਇਹ ਅਪੀਲ ਵੀ ਕਰਦੇ ਹਾ ਕਿ ਤੁਸੀਂ ਵੱਧ ਤੋਂ ਵੱਧ ਰੁੱਖ ਲਗਾਓ ਅਤੇ ਵਾਤਵਰਨ ਨੂੰ ਬਚਾਓ !

# ਮੁੱਖ ਖੇਤੀਬਾੜੀ ਅਫਸਰ ਨੇ ਕੀਤੀ ਬੀਜ, ਖਾਦ, ਕੀਟਨਾਸ਼ਕ ਦਵਾਈ ਵਿਕਰੇਤਾਵਾਂ ਨਾਲ ਮੀਟਿੰਗ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਮਾਨਸਾ, 31 ਮਾਰਚ :( ਆਤਮਾ ਸਿੰਘ ਪਮਾਰ)

ਖੇਤੀਬਾੜੀ ਮੰਤਰੀ ਸ਼੍ਰੀ ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ—ਨਿਰਦੇਸ਼ਾਂ ਅਤੇ ਸ਼੍ਰੀ ਜ਼ਸਵੰਤ ਸਿੰਘ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੀ ਯੋਗ ਅਗਵਾਈ ਅਧੀਨ ਮੁੱਖ ਖੇਤੀਬਾੜੀ ਅਫ਼ਸਰ ਡਾ. ਹਰਪ੍ਰੀਤ ਪਾਲ ਕੌਰ ਦੀ ਪ੍ਰਧਾਨਗੀ ਅਧੀਨ ਬਲਾਕ ਸਰਦੂਲਗੜ੍ਹ ਅਤੇ ਝੁਨੀਰ ਦੇ ਬੀਜ ਅਤੇ ਖਾਦ ਵਿਕਰੇਤਾਵਾਂ ਨਾਲ ਮੀਟਿੰਗ ਕੀਤੀ ਗਈ।

ਇਸ ਦੌਰਾਨ ਉਹਨਾਂ ਨੇ ਡੀਲਰਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਸ਼ਿਫਾਰਿਸ ਕੀਤੇ ਗਏ ਖਾਦ/ਬੀਜ ਦੀ ਵਿਕਰੀ ਕਰਨ ਨੂੰ ਕਿਹਾ। ਉਨ੍ਹਾਂ ਕਿਹਾ ਕਿ ਕੋਈ ਵੀ ਖਾਦ ਜਾਂ ਬੀਜ ਵਿਕਰੇਤਾ ਨਰਮੇ/ਝੋਨੇ ਦੇ ਅਣ—ਅਧਿਕਾਰਿਤ ਬੀਜ ਦੀ ਵਿਕਰੀ ਨਾ ਕਰੇ।ਇਸ ਦੇ ਨਾਲ ਹੀ ਉਹਨਾਂ ਕਿਸਾਨਾਂ ਨੂੰ ਕੀਤੀ ਜਾਣ ਵਾਲੀ ਕਿਸੇ ਵੀ ਤਰ੍ਹਾ ਦੀ ਵਿਕਰੀ ਦਾ ਪੱਕਾ ਬਿੱਲ ਜਿਸ ਵਿੱਚ ਬੈਚ ਨੰ. ਅਕਸਪਾਇਰੀ ਅਤੇ ਮਨੂਫੈਕਚਰਿੰਗ ਤਰੀਖ ਲਿਖਣ ਦੀ ਹਦਾਇਤ ਕੀਤੀ। ਉਹਨਾਂ ਡੀਲਰਾ ਨੂੰ ਕਿਹਾ ਕਿ ਉਹਨਾਂ ਨੂੰ ਵੀ ਆਪਣੇ ਪੱਧਰ ਤੇ ਕਿਸਾਨਾਂ ਨੂੰ ਪੀ.ਏ.ਯੂ ਲੁਧਿਆਣਾ ਦੀ ਸ਼ਿਫਾਰਿਸ਼ਾਂ ਬਾਰੇ ਕਿਸਾਨਾਂ ਨੂੰ ਜਾਣੂ ਕਰਵਾਉਣਾ ਚਾਹੀਦਾ ਹੈ।

ਉਨ੍ਹਾਂ ਕਿਸਾਨਾਂ ਨੂੰ ਮੰਨਜੂਰਸ਼ੁਦਾ ਬੀਜ ਦੀ ਬਿਜਾਈ ਕਰਨ ਲਈ ਪ੍ਰੇਰਿਤ ਕੀਤਾ, ਤਾਂ ਜੋ ਨਰਮੇ ਜਾਂ ਝੋਨੇ ਦਾ ਵਧੀਆ ਝਾੜ ਕਿਸਾਨਾਂ ਨੂੰ ਮਿਲ ਸਕੇ, ਜਿਸ ਨਾਲ ਉਹਨਾਂ ਦੀ ਆਰਥਿਕ ਹਾਲਾਤ ਵਿੰਚ ਸੁਧਾਰ ਆ ਸਕੇ। ਡਾ. ਗੁਰਿੰਦਰਜੀਤ ਸਿੰਘ ਅਤੇ ਸੁਲੇਖ ਅਮਨ ਕੁਮਾਰ ਮਹਿਲਾ ਖੇਤੀਬਾੜੀ ਵਿਕਾਸ ਅਫਸਰ ਸਰਦੂਲਗੜ੍ਹ ਵੱਲੋਂ ਵੀ ਡੀਲਰਾਂ ਨੂੰ ਸਾਉਣੀ ਦੀਆਂ ਫਸਲਾਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਮਿਸ ਸਿਮਰਨ ਮਹਿਤਾ, ਹਰਵਿੰਦਰ ਸਿੰਘ, ਮਨਪ੍ਰੀਤ ਸਿੰਘ ਖੇਤੀਬਾੜੀ ਉਪ ਨਿਰੀਖਕ, ਅਜੇ ਕੁਮਾਰ ਨੀਟਾ ਪ੍ਰਧਾਨ ਬੀਜ/ਖਾਦ ਯੂਨੀਅਨ ਸਰਦੂਲਗੜ੍ਹ , ਮੁਨੀਸ਼ ਕੁਮਾਰ, ਵਿਜੇ ਉੱਪਲ ਅਤੇ ਰਾਹੁਲ ਗਰਗ ਤੋ ਇਲਾਵਾ ਵੱਡੀ ਗਿਣਤੀ ਵਿੱਚ ਡੀਲਰ ਮੋਜੂਦ ਸਨ।

# ਜਥੇਦਾਰ ਨਿਮਾਣਾ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਇਤਿਹਾਸਕ ਸਥਾਨਾਂ ਦੇ ਦਰਸ਼ਨਾਂ ਲਈ ਬੱਸਾਂ ਨੂੰ ਕੀਤਾ ਰਵਾਨਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਲੁਧਿਆਣਾ (ਗੁਰਦੀਪ ਸਿੰਘ) ਅਜੋਕੇ ਸਮੇਂ ਵਿਚ ਅਤ ਦੀ ਮਹਿੰਗਾਈ ਦੌਰਾਨ ਅੱਜ ਦੀ ਪੀੜ੍ਹੀ ਆਪਣੇ ਬਜ਼ੁਰਗਾਂ ਨੂੰ ਤੀਰਥ ਯਾਤਰਾ ਕਰਵਾਉਣ ਲਈ ਸਮਾਂ ਨਹੀਂ ਕੱਢ ਪਾ ਰਹੇ ਉਥੇ ਗੁਰੂ ਕੀ ਲਾਡਲੀ ਫੌਜ ਸੇਵਾ ਸੁਸਾਇਟੀ ਦੇ ਮੁੱਖ ਪ੍ਰਬੰਧਕ ਰਜਿੰਦਰ ਸਿੰਘ ਰਾਜਾ, ਪਰਮਜੀਤ ਸਿੰਘ ਬੱਬੂ ਅਤੇ ਸਾਥੀਆਂ ਵਲੋਂ ਹਰ ਮਹੀਨੇ ਵਿਚ ਦੋ ਵਾਰ ਸੰਗਤਾਂ ਤੋਂ ਨਾ ਮਾਤਰ ਕਿਰਾਇਆ ਲੈ ਕੇ ਗੁਰ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਾਉਣਾ ਅਤੇ ਇਤਿਹਾਸ ਤੋਂ ਜਾਣੂ ਕਰਵਾਕੇ ਅਤੇ ਯਾਤਰਾ ਦੌਰਾਨ ਆਉਂਦੇ ਜਾਂਦੇ ਸਮੇਂ ਸੰਗਤਾਂ ਨੂੰ ਨਾਮ ਸਿਮਰਨ ਦਾ ਦਾ ਜਾਪ ਕਰਵਾਕੇ ਅਪਣਾ ਅਤੇ ਸੰਗਤਾਂ ਦਾ ਜੀਵਨ ਸਫਲ ਕਰ ਰਹੇ ਹਨ ਇਨ੍ਹਾ ਸ਼ਬਦਾ ਦਾ ਪ੍ਰਗਟਾਵਾ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱ੍ਹਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਅਤੇ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਨੇ ਸਥਾਨਕ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਫੀਲਡ ਗੰਜ ਲੁਧਿਆਣਾ ਵਿਖੇ ਕੀਤਾ। ਜੱਥੇਦਾਰ ਨਿਮਾਣਾ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਬਾਹਰ ਕੱਢਣ ਲਈ ਅਤੇ ਪਤਿੱਤ ਪੁਣੇ ਤੋਂ ਬਚਾਉਣ ਲਈ ਇਕੋ ਇਕ ਹਲ ਹੈ ਗੁਰੂ ਸਾਹਿਬਾਨ ਦੀਆਂ ਸਿੱਖਿਆ ਅਤੇ ਮਰਯਾਦਾ ਤੇ ਪਹਿਰਾ ਦੇਣ ਦੀ ਲੋੜ ਹੈ। ਇਸ ਮੌਕੇ ਤੇ ਗੁਰੂ ਕੀ ਲਾਡਲੀ ਫੌਜ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਰਜਿੰਦਰ ਸਿੰਘ ਰਾਜਾ, ਪਰਮਜੀਤ ਸਿੰਘ ਬੱਬੂ ਦੀ ਅਗਵਾਈ ਹੇਠ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ, ਅਤੇ ਤਰਨਤਾਰਨ ਸਾਹਿਬ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਜੈਕਾਰਿਆਂ ਦੀ ਗੂੰਜ ਵਿੱਚ ਬਸਾਂ ਨੂੰ ਰਵਾਨਾ ਕੀਤਾ। ਇਸ ਮੌਕੇ ਤੇ ਜੀਵਨ ਸਿੰਘ ਅਤੇ ਗੁਰੂ ਕੀ ਲਾਡਲੀ ਸੇਵਾ ਸੁਸਾਇਟੀ ਦੇ ਸਮੂਹ ਮੈਂਬਰ ਹਾਜ਼ਰ ਸਨ।

# ਹਰਮੋਹਨ ਸਿੰਘ ਸੰਧੂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਿਸ਼ਾ ਨਿਰਦੇਸ਼ਾ ਤਹਿਤ ਭਰਤੀ ਮੁਹਿੰਮ

## ਭਰਤੀ ਮੁਹਿਮ ਕਾਮਯਾਬ ਕਰਨ ਲਈ ਸ੍ਰੀ ਚਮਕੌਰ ਸਾਹਿਬ ਆਪਣੇ ਹਲਕੇ ਤੋਂ ਪੰਥਕ ਵਰਕਰਾਂ ਨਾਲ ਜਲਦ ਹੀ ਭਰਤੀ ਮੁਹਿੰਮ ਦੀ ਸ਼ੁਰੂਆਤ ਕਰਨਗੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਸ੍ਰੀ ਚਮਕੌਰ ਸਾਹਿਬ 31 ਮਾਰਚ (ਹਰਦਿਆਲ ਸਿੰਘ ਸੰਧੂ) ਹਲਕਾ ਸ੍ਰੀ ਚਮਕੌਰ ਸਾਹਿਬ ਤੋਂ ਹਰਮੋਹਨ ਸਿੰਘ ਸੰਧੂ ਨੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਐਲਾਨੀ ਪੰਜ ਮੈਂਬਰੀ ਕਮੇਟੀ ਰਾਹੀਂ ਭਰਤੀ ਕਰਨ ਦਾ ਐਲਾਨ ਕੀਤਾ ਹੈ ਇਸ ਨਾਲ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਵੱਡਾ ਝਟਕਾ ਲੱਗਾ ਹੈ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਰਿੰਡਾ ਤੋਂ ਦੋ ਵਾਰ ਵਿਧਾਇਕ ਰਹੇ ਅਜੈਬ ਸਿੰਘ ਸੰਧੂ ਅਤੇ ਹਲਕਾ ਸ੍ਰੀ ਚਮਕੌਰ ਸਾਹਿਬ ਤੋਂ ਚਾਰ ਵਾਰ ਵਿਧਾਇਕ ਰਹੇ ਬੀਬੀ ਸਤਵੰਤ ਕੌਰ ਸੰਧੂ ਸਾਬਕਾ ਮੰਤਰੀ ਦੇ ਪੁੱਤਰ ਹਰਮੋਹਨ ਸਿੰਘ ਸੰਧੂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਐਲਾਨੀ ਗਈ ਪੰਜ ਮੈਬਰੀ ਕਮੇਟੀ ਰਾਹੀਂ ਜਲਦੀ ਹੀ ਸ੍ਰੀ ਚਮਕੌਰ ਸਾਹਿਬ ਵਿਖੇ ਵੱਡਾ ਇੱਕਠ ਕਰਕੇ ਭਰਤੀ ਸ਼ੁਰੂ ਕਰ ਕਰਨ ਦਾ ਐਲਾਨ ਕਰ ਦਿੱਤਾ। ਹਰਮੋਹਨ ਸਿੰਘ ਸੰਧੂ ਜੋ ਕਿ ਆਸਟ੍ਰੇਲੀਆਂ 'ਚ ਹਨ ਗੱਲਬਾਤ ਕਰਦਿਆ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਐਲਾਨੀ ਗਈ ਪੰਜ ਮੈਬਰੀ ਕਮੇਟੀ ਜਿਸ ਵਿੱਚ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਇਕਬਾਲ ਸਿੰਘ ਝੂੰਦਾ, ਜੱਥੇਦਾਰ ਸੰਤਾ ਸਿੰਘ ਉਮੈਦਪੁਰੀ ਤੇ ਬੀਬੀ ਸਤਵੰਤ ਕੌਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਿਸ਼ਾ ਨਿਰਦੇਸ਼ਾ ਤਹਿਤ ਭਰਤੀ ਮੁਹਿੰਮ ਨੂੰ ਕਾਮਯਾਬ ਕਰਨ ਲਈ ਸ੍ਰੀ ਚਮਕੌਰ ਸਾਹਿਬ ਤੋਂ ਆਪਣੇ ਹਲਕੇ ਦੇ ਪੰਥਕ ਵਰਕਰਾਂ ਦੇ ਨਾਲ ਭਰਤੀ ਮੁਹਿੰਮ ਦੀ ਸ਼ੁਰੂਆਤ ਕਰਨਗੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਵੀ ਹੁਕਮਨਾਮਾ ਆਉਂਦਾ ਹੈ ਉਸ 'ਤੇ ਪਹਿਰਾ ਦੇਣਾ ਹਰੇਕ ਸਿੱਖ ਦਾ ਫਰਜ਼ ਬਣਦਾ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਬਣਾਈ ਗਈ ਪੰਜ ਮੈਬਰੀ ਭਰਤੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ



ਦੀ ਭਰਤੀ ਮੁਹਿੰਮ ਨੂੰ ਸਫ਼ਲ ਬਣਾਉਣਾ ਸਾਡਾ ਵੀ ਫਰਜ਼ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਿੱਤਾ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨਾ ਪਵੇਗਾ ਕਿਉਂਕਿ ਪੰਜਾਬ ਦੇ ਲੋਕਾਂ ਦੀ ਅਵਾਜ਼ ਬੁਲੰਦ ਕਰਨ ਅਤੇ ਸਿੱਖ ਕੌਮ ਦੇ ਚੰਗੇ ਭਵਿੱਖ ਲਈ ਅਕਾਲੀ ਦਲ ਦਾ ਮਜਬੂਤ ਹੋਣਾ ਜਰੂਰੀ ਹੈ ਅਤੇ ਅਕਾਲੀ ਦਲ ਨੂੰ ਪਰਿਵਾਰਵਾਦ ਵਿੱਚੋਂ ਕੱਢਣਾ ਸਮੇਂ ਦੀ ਮੁੱਖ ਲੋੜ ਹੈ।

# ਬਾਬਾ ਪਰਮਜੀਤ ਖਾਲਸਾ ਦਾ ਕੀਤਾ ਸਨਮਾਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com




ਸੰਗਰੂਰ,31 ਮਾਰਚ (ਜਗਸੀਰ ਲੌਂਗੋਵਾਲ)- ਪਿੰਡ ਫ਼ਤਹਿਗੜ੍ਹ ਛੰਨਾ ਵਿਖੇ ਕਬੱਡੀ ਕੱਪ ਮੌਕੇ ਬਾਬਾ ਪਰਮਜੀਤ ਸਿੰਘ ਖ਼ਾਲਸਾ ਬਡਰੁੱਖਾਂ ਵਾਲੇ ਮੁੱਖ ਮਹਿਮਾਨ ਵਜੋ ਹਾਜਰ ਹੋਏ।ਇਸ ਮੌਕੇ ਸਮੁੱਚੇ ਪਿੰਡ ਵਾਸੀਆਂ ਵੱਲੋਂ ਬਾਬਾ ਜੀ ਨੂੰ ਸਨਮਾਨ ਕੀਤਾ ਗਿਆ । ਬਾਬਾ ਪਰਮਜੀਤ ਸਿੰਘ ਨੇ ਖਾਲਸਾ ਨੇ ਇਸ ਸਮੇਂ ਕਬੱਡੀ ਕੱਪ ਆਯੋਜਿਤ ਕਰਨ ਲਈ ਪ੍ਰਬੰਧਕਾਂ ਅਤੇ ਸਮੁੱਚੇ ਪਿੰਡ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਜੇਕਰ ਸਾਡੇ ਨੌਜਵਾਨ ਖੇਡਾਂ ਵੱਲ ਲੱਗਣਗੇ ਤਾਂ ਹੀ ਉਹ ਨਸ਼ੇ ਵਰਗੀਆਂ ਭਿਆਨਕ ਅਲਾਮਤਾਂ ਤੋਂ ਬਚ ਸਕਣਗੇ, ਕਿਉਂਕਿ ਨਸੇ ਇਨਸਾਨ ਨੂੰ ਬਿਮਾਰੀਆਂ ਵੱਲ ਲੈ ਕੇ ਜਾਂਦੇ ਹਨ ਨਸੇੜੀ ਵਿਅਕਤੀ ਦੀ ਸੋਚਣ ਅਤੇ ਸਮਝਣ ਦੀ ਸਕਤੀ ਖਤਮ ਹੋ ਜਾਂਦੀ ਹੈ ਤੇ ਉਸ ਨੂੰ ਸਮਾਜ ਵਿੱਚ ਕੋਈ ਵੀ ਪਸੰਦ ਨਹੀਂ ਕਰਦਾ ਇਸ ਲਈ ਨਸਿਆਂ ਨੂੰ ਛੱਡ ਕੇ ਸੁਖੀ ਜੀਵਨ ਲਈ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ ।ਇਸ ਮੌਕੇ ਬਾਬਾ ਜੀ ਨੇ ਪਿੰਡ ਦੇ ਕਲੱਬ ਨੂੰ ਬਹੁਤ ਸਾਰਾ ਮਾਣ ਸਨਮਾਨ ਬਖਸ਼ਿਆ ਅਤੇ ਮਾਲੀ ਸਹਾਇਤਾ ਵੀ ਕੀਤੀ। ਇਸ ਸਮੇਂ ਉਨ੍ਹਾਂ ਨਾਲ (ਨਿਰਭੈ ਸਿੰਘ ਛੰਨਾ), (ਤਾਊ ਬਰਾੜ ਕਲੱਬ ਪ੍ਰਧਾਨ),( ਜੈਲੀ ਬੇਨੜਾ,) (ਅਵਤਾਰ ਸਿੰਘ ਜਨਰਲ ਸਕੱਤਰ) (ਸੁਖਵਿੰਦਰ ਸਿੰਘ ਗਰਜੀ ਖਜਾਨਚੀ) ਅਤੇ ਹੋਰ ਵੀ ਬਹੁਤ ਮਹਾਨ ਸ਼ਖਸ਼ੀਅਤਾਂ ਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਰਹੀਆ।

# ਐਨਐਫਐਲ ਹਸਪਤਾਲ, ਨਯਾ ਨੰਗਲ ਵਿਖੇ ਮੁਫ਼ਤ ਮੈਡੀਕਲ ਕੈਂਪ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com




ਲੁਧਿਆਣਾ (ਗੁਰਦੀਪ ਸਿੰਘ) ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ, ਲੁਧਿਆਣਾ ਨੇ ਐਨਐਫਐਲ, ਨੰਗਲ ਦੇ ਸਹਿਯੋਗ ਨਾਲ ਸੈਕਟਰ 4, ਨਯਾ ਨੰਗਲ ਵਿਖੇ ਐਨਐਫਐਲ ਹਸਪਤਾਲ ਵਿਚ ਇੱਕ ਮੁਫ਼ਤ ਮੈਡੀਕਲ ਕੈਂਪ ਦਾ ਆਯੋਜਨ ਕੀਤਾ। ਮੈਡੀਕਲ ਕੈਂਪ ਨੂੰ ਭਰਵਾਂ ਹੁੰਗਾਰਾ ਮਿਲਿਆ, ਜਿਸ ਵਿੱਚ ਕਾਰਡੀਓਲੋਜੀ, ਨਿਊਰੋ ਸਰਜਰੀ, ਗੈਸਟ੍ਰੋਐਂਟਰੋਲੋਜੀ, ਐਂ ਡੋ ਕ ਰੀ ਨੋ ਲੋ ਜੀ , ਨੈਫਰੋਲੋਜੀ, ਨੇਤਰ ਰੋਗ, ਬਾਲ ਰੋਗ, ਚਮੜੀ ਰੋਗ, ਈਐਨਟੀ, ਅਤੇ ਪ੍ਰਸੂਤੀ ਅਤੇ ਗਾਇਨੀਕੋਲੋਜੀ ਦੇ ਸੁਪਰ ਸਪੈਸ਼ਲਿਸਟ ਡਾਕਟਰਾਂ ਦੁਆਰਾ ਸਲਾਹ-ਮਸ਼ਵਰੇ ਨਾਲ ਲਗਭਗ 2318 ਮਰੀਜ਼ਾਂ ਨੂੰ ਲਾਭ ਪਹੁੰਚਿਆ। ਮਰੀਜ਼ਾਂ ਨੂੰ ਫਿਜ਼ੀਓਥੈਰੇਪੀ ਅਤੇ ਡਾਇਟੀਸ਼ੀਅਨ ਸਲਾਹ-ਮਸ਼ਵਰਾ ਵੀ ਪ੍ਰਦਾਨ ਕੀਤਾ ਗਿਆ। ਹਾਜ਼ਰੀਨ ਨੂੰ ਸਿਹਤ ਸੁਝਾਅ ਪ੍ਰਦਾਨ ਕੀਤੇ ਗਏ।ਮੈਡੀਕਲ ਕੈਂਪ ਦੌਰਾਨ ਮਰੀਜ਼ ਨੂੰ ਮੁਫ਼ਤ ਨਿਰਧਾਰਤ ਦਵਾਈਆਂ ਪ੍ਰਦਾਨ ਕੀਤੀਆਂ ਗਈਆਂ।ਕੈਂਪ ਦੌਰਾਨ ਜਾਂਚ ਕੀਤੇ ਗਏ ਲੋੜਵੰਦ ਮਰੀਜ਼ਾਂ ਨੂੰ ਡੀਐਮਸੀ ਐਂਡ ਐਚ, ਲੁਧਿਆਣਾ ਵਿਖੇ ਮੁਫ਼ਤ ਮੋਤੀਆਬਿੰਦ ਸਰਜਰੀ (ਲੈਂਸ ਅਤੇ ਦਵਾਈਆਂ ਸਮੇਤ) ਅਤੇ ਡੀਐਮਸੀ ਐਂਡ ਐਚ ਹੀਰੋ ਹਾਰਟ ਸੈਂਟਰ ਵਿਖੇ ਮੁਫ਼ਤ ਇਕੋ ਪ੍ਰਦਾਨ ਕੀਤਾ ਜਾਵੇਗਾ। ਮਰੀਜ਼ਾਂ ਨੂੰ ਮੁਫ਼ਤ ਈਸੀਜੀ, ਬਲੱਡ ਸ਼ੂਗਰ, ਹੱਡੀਆਂ ਦੀ ਘਣਤਾ ਅਤੇ ਬਲੱਡ ਪ੍ਰੈਸ਼ਰ ਦੀ ਜਾਂਚ ਵੀ ਕੀਤੀ ਗਈ। ਕੈਂਪ ਦਾ ਉਦਘਾਟਨ ਸ਼੍ਰੀ ਐਮ ਐਨ ਗੋਇਲ, ਮੁੱਖ ਜਨਰਲ ਮੈਨੇਜਰ ਅਤੇ ਯੂਨਿਟ ਮੁਖੀ ਐਨਐਫਐਲ ਨੰਗਲ ਅਤੇ ਸ਼੍ਰੀ ਬਿਪਿਨ ਗੁਪਤਾ, ਸਕੱਤਰ, ਡੀਐਮਸੀ ਐਂਡ ਐਚ ਮੈਨੇਜਿੰਗ ਸੋਸਾਇਟੀ ਦੁਆਰਾ ਕੀਤਾ ਗਿਆ। ਆਪਣੇ ਉਦਘਾਟਨੀ ਭਾਸ਼ਣ ਵਿੱਚ ਸ਼੍ਰੀ ਐਮ ਐਨ ਗੋਇਲ, ਮੁੱਖ ਜਨਰਲ ਮੈਨੇਜਰ ਅਤੇ ਯੂਨਿਟ ਮੁਖੀ ਐਨਐਫਐਲ ਨੰਗਲ ਨੇ ਡੀਐਮਸੀ ਐਂਡ ਐਚ ਮੈਨੇਜਮੈਂਟ, ਡਾਕਟਰਾਂ ਅਤੇ ਸਟਾਫ ਮੈਂਬਰਾਂ ਦਾ ਐਨਐਫਐਲ ਹਸਪਤਾਲ, ਨੰਗਲ ਵਿਖੇ ਪਹਿਲੀ ਵਾਰ ਇੰਨੇ ਵੱਡੇ ਪੱਧਰ 'ਤੇ ਮੈਡੀਕਲ ਕੈਂਪ ਦਾ ਆਯੋਜਨ ਕਰਨ ਲਈ ਧੰਨਵਾਦ ਕੀਤਾ। ਸ਼੍ਰੀ ਬਿਪਿਨ ਗੁਪਤਾ, ਸਕੱਤਰ, ਡੀਐਮਸੀ ਐਂਡ ਐਚ ਮੈਨੇਜਿੰਗ ਸੋਸਾਇਟੀ ਨੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਐਨਐਫਐਲ ਮੈਨੇਜਮੈਂਟ, ਐਨਐਫਐਲ ਕਰਮਚਾਰੀ ਯੂਨੀਅਨ ਅਤੇ ਨੰਗਲ ਨਿਵਾਸੀਆਂ ਦਾ ਇਸ ਕੈਂਪ ਨੂੰ ਸਫਲ ਬਣਾਉਣ ਲਈ ਉਨ੍ਹਾਂ ਦੀ ਨਿਰਸਵਾਰਥ ਪੂਰੇ ਦਿਲੋਂ ਭਾਗੀਦਾਰੀ ਲਈ ਧੰਨਵਾਦ ਕੀਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਡੀਐਮਸੀ ਐਂਡ ਐਚ ਕਿਫਾਇਤੀ ਕੀਮਤ 'ਤੇ ਵਧੀਆ ਡਾਕਟਰੀ ਦੇਖਭਾਲ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਆਊਟਰੀਚ ਪ੍ਰੋਗਰਾਮ ਦੇ ਹਿੱਸੇ ਵਜੋਂ ਹਸਪਤਾਲ ਆਮ ਲੋਕਾਂ ਨੂੰ ਮੁਫ਼ਤ ਵਿੱਚ ਵੱਖ-ਵੱਖ ਗਤੀਵਿਧੀਆਂ ਕਰ ਰਿਹਾ ਹੈ ਅਤੇ ਮੁਫ਼ਤ ਮੈਡੀਕਲ ਕੈਂਪ ਇਸ ਪਹਿਲਕਦਮੀ ਦਾ ਇੱਕ ਹਿੱਸਾ ਹਨ।ਉਨ੍ਹਾਂ ਇਹ ਵੀ ਕਿਹਾ ਕਿ ਹਸਪਤਾਲ ਇਸ ਸਮੇਂ 1,625 ਬਿਸਤਰਿਆਂ ਵਾਲਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਬਿਸਤਰਿਆਂ ਦੀ ਸਮਰੱਥਾ ਨੂੰ 5,000 ਬਿਸਤਰਿਆਂ ਤੱਕ ਵਧਾਉਣ ਦੀ ਪ੍ਰਕਿਰਿਆ ਵਿੱਚ ਹੈ। ਇਸੇ ਤਰ੍ਹਾਂ ਐਮਬੀਬੀਐਸ ਸੀਟਾਂ ਦੀ ਗਿਣਤੀ ਨੇੜਲੇ ਭਵਿੱਖ ਵਿੱਚ 100 ਤੋਂ 500 ਤੱਕ ਵਧਾਉਣ ਦੀ ਤਿਆਰੀ ਹੈ।ਉਨ੍ਹਾਂ ਮੁਫ਼ਤ ਮੈਡੀਕਲ ਕੈਂਪਾਂ ਵਰਗੀਆਂ ਚੈਰੀਟੇਬਲ ਪਹਿਲਕਦਮੀਆਂ ਰਾਹੀਂ ਸਮਾਜ ਸੇਵਾ ਪ੍ਰਤੀ ਡੀਐਮਸੀ ਐਂਡ ਐਚ ਦੇ

# ਰਟੋਲਾਂ ਦੀ ਵਿਦਾਇਗੀ ਪਾਰਟੀ ਸਮੇਂ ਵੱਖ ਵੱਖ ਜਥੇਬੰਦੀਆਂ ਵੱਲੋ ਉਨ੍ਹਾਂ ਦਾ ਸਨਮਾਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਸੰਗਰੂਰ,31 ਮਾਰਚ (ਜਗਸੀਰ ਸਿੰਘ)- ਲੈਕਚਰਾਰ ਨਾਇਬ ਸਿੰਘ ਰਟੋਲਾਂ ਦੀ ਸੇਵਾ ਮੁਕਤੀ ਪਾਰਟੀ ਸਮੇਂ ਵੱਖ ਵਖ ਜਥੇਬੰਦੀਆਂ ਦੇ ਆਗੂਆਂ ਨੇ ਉਨ੍ਹਾਂ ਨੂੰ ਸਨਮਾਨਿਤ ਕੀਤਾ । ਵੱਖ ਵੱਖ ਆਗੂਆਂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮਾਸਟਰ ਨਾਇਬ ਸਿੰਘ ਰਟੋਲਾਂ ਨੇ ਹੁਣ ਤੱਕ ਵਿਅਕਤੀਗਤ ਤੌਰ ਤੇ ਨਹੀਂ ਇੱਕ ਸੰਸਥਾ ਦੇ ਤੌਰ ਤੇ ਕੰਮ ਕੀਤਾ ਹੈ। ਉਹ ਸਿੱਖਿਆ ਦੇ ਖੇਤਰ ਤੋਂ ਇਲਾਵਾ ਹੋਰ ਬਹੁਤ ਸਾਰੇ ਖੇਤਰਾਂ ਦੇ ਵਿੱਚ ਸਮਾਜ ਨੂੰ ਸੁਧਾਰਨ ਲਈ ਅਤੇ ਲੋਕਾਂ ਨੂੰ ਵਿਗਿਆਨਿਕ ਚੇਤਨਾ ਨਾਲ ਜੋੜਨ ਲਈ ਤਤਪਰ ਰਹੇ ਹਨ। ਜਿੱਥੇ ਉਹ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਦੇ ਸਿਰ ਕੱਢ ਆਗੂ ਰਹੇ ਉੱਥੇ ਹੀ ਉਹ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਵੀ ਵੱਡੇ ਕਾਰਕੁੰਨ ਦੇ ਤੌਰ ਤੇ ਕੰਮ ਕਰ ਰਹੇ ਰਹੇ ਹਨ। ਡੀਟੀਐਫ ਦੇ ਸੂਬਾ ਆਗੂ ਬਲਬੀਰ ਚੰਦ ਲੌਂਗੋਵਾਲ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਪ੍ਰਧਾਨ ਮਾਸਟਰ ਰਜਿੰਦਰ ਭਦੌੜ, ਆਈਡੀਪੀ ਦੇ ਸੂਬਾ ਆਗੂ ਕਰਨੈਲ ਸਿੰਘ ਜਖੇਪਲ ਨੇ ਨੇ ਮਾਸਟਰ ਨਾਇਬ ਸਿੰਘ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਨਾਇਬ ਸਿੰਘ ਨੇ ਅਧਿਆਪਨ ਤੇ ਨਾਲ ਨਾਲ ਕਈ ਜਥੇਬੰਦੀਆਂ ਵਿੱਚ ਕੰਮ ਕਰਦੇ ਹੋਏ ਅਤੇ ਤਰਕਸ਼ੀਲ ਸੁਸਾਇਟੀ ਨਾਲ ਲੰਬੇ ਸਮੇਂ ਤੋਂ ਜੁੜੇ ਹੋਣ ਕਰਕੇ ਲੋਕਾਂ ਦੇ ਨਾਲ ਹਮੇਸ਼ਾ ਹੀ ਹਰ ਮੁਸ਼ਕਲ ਦੇ ਸਮੇਂ ਉਹਨਾਂ ਦੇ ਨਾਲ ਖੜ ਕੇ ਕੰਮ ਕਰਦੇ ਰਹੇ। ਇਸ ਤੋਂ ਇਲਾਵਾ ਉਹ ਇੱਕ ਚੰਗੇ ਸਾਹਿਤਕਾਰ ਵੀ ਹਨ ਜਿਸ ਕਰਕੇ ਉਹ ਲੰਮੇ ਸਮੇਂ ਤੋਂ ਦਿੜਬਾ ਦੀ ਸਾਹਿਤ ਸਭਾ ਦੇ ਸਰਗਰਮ ਅਹੁਦੇਦਾਰ ਹੋਣ ਦੇ ਨਾਤੇ ਪਿੰਡਾਂ ਵਿੱਚ ਸਾਹਿਤਕ ਸਰਗਰਮੀਆਂ ਲਈ ਸਰਗਰਮ ਹਨ। ਇੱਕ ਛੋਟੇ ਜਿਹੇ ਪਿੰਡ ਭੂਤਗੜ੍ਹ ਤੋਂ ਸ਼ੁਰੂ ਹੋ ਕੇ ਐਮਏ ਤੱਕ ਦੀ ਪੜ੍ਹਾਈ ਕਰਕੇ ਮਅਧਿਆਪਨ ਦੇ ਕਿੱਤੇ ਵਿੱਚ ਆ ਜਾਣਾ ਅਤੇ ਉਸ ਨਾਲ ਇਨਸਾਫ ਵੀ ਕਰਨਾ ਅਤੇ ਲੋਕਾਂ ਲਈ ਹਮੇਸ਼ਾ ਸੇਧ ਦਿੰਦੇ ਰਹਿਣ ਦਾ ਕੰਮ ਉਹਨਾਂ ਦਾ ਅਜੇ ਵੀ ਜਾਰੀ ਹੈ। ਇਸ ਮੌਕੇ ਸਾਹਿਤ ਤੇ ਸੱਭਿਆਚਾਰ ਮੰਚ ਦਿੜਬਾ ਦੇ ਪ੍ਰਧਾਨ ਗੁਰਮੀਤ ਸਿੰਘ ਖੇਤਲਾ, ਸਤਨਾਮ ਸਿੰਘ ਹਾਮਝੇੜੀ, ਰਾਮਫਲ ਰਾਜਲਹੇੜੀ, ਮਾਸਟਰ ਪਰਮ ਵੇਦ ਤਰਕਸ਼ੀਲ ਆਗੂ, ਦੇਸ਼ ਰਾਜ ਛਾਜਲੀ, ਹਰਭਗਵਾਨ ਗੁਰਨੇ, ਸੁਖਜੀਤ ਚੀਮਾ ਅਤੇ ਹੋਰ ਕਈ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

# ਅਕਾਲ ਅਕੈਡਮੀ ਧਮੋਟ ਵੱਲੋਂ ਪਿੰਡ ਸਿਆੜ ਵਿੱਚ ‘ਬੀਬਾ ਬੱਚਾ ਪ੍ਰਤੀਯੋਗਤਾ’ ਦਾ ਵਿਸ਼ੇਸ਼ ਆਯੋਜਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਸੰਗਰੂਰ, 31 ਮਾਰਚ ( ਜਗਸੀਰ ਲੌਂਗੋਵਾਲ)-

ਕਲਗੀਧਰ ਟਰੱਸਟ, ਬੜੂ ਸਾਹਿਬ ਦੁਆਰਾ ਸੰਚਾਲਿਤ ਅਕਾਲ ਅਕੈਡਮੀ, ਧਮੋਟ ਵੱਲੋਂ ਪਿੰਡ ਸਿਆੜ ਵਿਖੇ “ਬੀਬਾ ਬੱਚਾ ਪ੍ਰਤੀਯੋਗਤਾ” ਕਰਵਾਈ ਗਈ। ਇਸ ਪ੍ਰਤੀਯੋਗਤਾ ਵਿੱਚ ਵਿਦਿਆਰਥੀਆਂ ਦੇ ਵਿਕਾਸ ਅਤੇ ਸੰਸਕਾਰ ਨੂੰ ਉਤਸ਼ਾਹਿਤ ਕਰਨ ਲਈ ਦਸਤਾਰ ਮੁਕਾਬਲਾ, ਪੇਂਟਿੰਗ ਮੁਕਾਬਲਾ, ਸੁੰਦਰ ਲਿਖਾਈ ਮੁਕਾਬਲਾ, ਗੁਰਮਤਿ ਪ੍ਰਸ਼ਨੋਤਰੀ ਅਤੇ ਕਵਿਤਾ ਉਚਾਰਨ ਮੁਕਾਬਲਾ ਕਰਵਾਏ ਗਏ, ਜਿਸ ਵਿੱਚ 30 ਤੋਂ ਵੱਧ ਬੱਚਿਆਂ ਨੇ ਭਾਗ ਲਿਆ। ਇਹ ਪ੍ਰਤੀਯੋਗਤਾ ਅਕੈਡਮੀ ਦੀ ਪ੍ਰਿੰਸੀਪਲ ਬਲਜੀਤ ਕੌਰ, ਸਮੂਹ ਸਟਾਫ ਅਤੇ ਪਿੰਡ ਦੇ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਦੀ ਧਰਮਸ਼ਾਲਾ ਵਿੱਚ ਆਯੋਜਿਤ ਕੀਤੀ ਗਈ। ਇਸ ਦੇ ਸੰਬੰਧ ਵਿਚ ਪਿੰਡ ਦੀ ਪ੍ਰਬੰਧਕ ਕਮੇਟੀ, ਸਰਪੰਚ ਅਤੇ ਪਿੰਡ ਵਾਸੀਆਂ ਵੱਲੋਂ ਵੀ ਇਹ ਪ੍ਰਤੀਯੋਗਤਾ ਦੀ ਬਹੁਤ ਪ੍ਰਸ਼ੰਸ਼ਾ ਕੀਤੀ ਗਈ। ਮੁਕਾਬਲੇ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਇਨਾਮ ਅਤੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਅਕਾਲ ਅਕੈਡਮੀ ਧਮੋਟ ਦੇ ਪ੍ਰਿੰਸੀਪਲ ਬਲਜੀਤ ਕੌਰ ਨੇ ਪਿੰਡ ਸਿਆੜ ਦੀ ਪ੍ਰਬੰਧਕ ਕਮੇਟੀ, ਸਮੂਹ ਨਗਰ ਨਿਵਾਸੀਆਂ ਅਤੇ ਪੰਚਾਇਤ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਜਾਣਕਾਰੀ ਦਿੱਤੀ ਕਿ ਇਹ ਪ੍ਰਤੀਯੋਗਤਾ 2024-25 ਸੈਸ਼ਨ ਦੇ ਚੌਥੇ ਪੜਾਅ ਦੀ ਸੰਪੂਰਨਤਾ ਦੀ ਨਿਸ਼ਾਨੀ ਹੈ ਅਤੇ 2025-26 ਦੇ ਨਵੇਂ ਸੈਸ਼ਨ ਵਿੱਚ ਵੀ ਇਹ ਸਿਲਸਿਲਾ ਜਾਰੀ ਰਹੇਗਾ। ਇਸ ਸਮਾਗਮ ਨੇ ਇਕ ਵਾਰ ਫਿਰ ਦੱਸ ਦਿੱਤਾ ਕਿ ਅਕਾਲ ਅਕੈਡਮੀ ਉੱਚ ਕੋਟੀ ਦੀ ਵਿੱਦਿਆ ਦੇ ਨਾਲ-ਨਾਲ ਬੱਚਿਆਂ ਦੀ ਆਧਿਆਤਮਿਕ, ਨੈਤਿਕ ਅਤੇ ਸਭਿਆਚਾਰਕ ਵਾਧੂ ਵਿਕਾਸ ਲਈ ਵੀ ਸਮਰਪਿਤ ਹੈ।

# ਪਰਮਿੰਦਰ ਬੋਧ ਨੂੰ ਥਾਪਿਆ ਡਾ. ਅੰਬੇਡਕਰ ਬਲੱਡ ਓਰਗਨਾਈਜ਼ੇਸ਼ਨ ਫਗਵਾੜਾ ਦਾ ਪ੍ਰਧਾਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਫਗਵਾੜਾ 31 ਮਾਰਚ (ਸ਼ਿਵ ਕੌੜਾ) ਡਾ. ਅੰਬੇਡਕਰ ਬਲੱਡ ਓਰਗਨਾਈਜੇਸ਼ਨ ਫਗਵਾੜਾ ਵੱਲੋਂ ਅੱਜ ਖੇੜਾ ਰੋਡ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸਦੀ ਪ੍ਰਧਾਨਗੀ ਅਮਰਜੀਤ ਖੁੱਤਣ ਵਾਈਸ ਚੇਅਰਮੈਨ ਅਤੇ ਕਮਲਜੀਤ ਮਾਹੀ ਸਰਪੰਚ ਅਮਰੀਕ ਨਗਰੀ ਨੇ ਸਾਂਝੇ ਤੌਰ ਤੇ ਕੀਤੀ। ਮੀਟਿੰਗ ਵਿੱਚ ਪਰਮਿੰਦਰ ਬੋਧ ਨੂੰ ਸਰਬ ਸੰਮਤੀ ਨਾਲ ਓਰਗਨਾਈਜੇਸ਼ਨ ਦੀ ਫਗਵਾੜਾ ਸ਼ਾਖਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਕਰਨਜੀਤ ਹਰਦੋ ਫਰਾਲਾ ਅਤੇ ਅਸ਼ਵਨੀ ਬਗਾਣੀਆ ਨੂੰ ਵਾਈਸ ਪ੍ਰਧਾਨ ਫਗਵਾੜਾ ਐਲਾਨਿਆ ਗਿਆ। ਸਮੂਹ ਹਾਜਰ ਮੈਂਬਰਾਂ ਨੇ ਨਵ ਨਿਯੁਕਤ ਪ੍ਰਧਾਨ ਪਰਮਿੰਦਰ ਬੋਧ ਅਤੇ ਉਹਨਾਂ ਦੇ ਸਾਥੀ ਮੀਤ ਪ੍ਰਧਾਨਾਂ ਨੂੰ ਸ਼ੁੱਭ ਇੱਛਾਵਾਂ ਦਿੰਦੇ ਹੋਏ ਫੁੱਲਾਂ ਦੇ ਹਾਰ ਪਾ ਕੇ ਸਨਮਾਨਤ ਕੀਤਾ। ਵਾਈਸ ਚੇਅਰਮੈਨ ਅਮਰਜੀਤ ਖੁੱਤਣ ਅਤੇ ਕਮਲਜੀਤ ਮਾਹੀ ਸਰਪੰਚ ਅਮਰੀਕ ਨਗਰੀ ਸਾਬਕਾ ਪ੍ਰਧਾਨ ਨੇ ਦੱਸਿਆ ਕਿ ਪਰਮਿੰਦਰ ਬੋਧ ਨੇ ਪਹਿਲਾਂ ਵੀ ਬਤੌਰ ਪ੍ਰਧਾਨ ਵਧੀਆ ਸੇਵਾਵਾਂ ਨਿਭਾਈਆਂ ਹਨ। ਜਿਸ ਨੂੰ ਦੇਖਦੇ ਹੋਏ ਦੁਬਾਰਾ ਸਰਬ ਸੰਮਤੀ ਨਾਲ ਪ੍ਰਧਾਨ ਦੇ ਅਹੁਦੇ ਨਾਲ ਨਵਾਜਿਆ ਗਿਆ ਹੈ। ਪਰਮਿੰਦਰ ਬੋਧ ਪ੍ਰਧਾਨ ਅਤੇ ਮੀਤ ਪ੍ਰਧਾਨ ਕਰਨਜੀਤ ਹਰਦੋ ਫਰਾਲਾ ਤੇ ਅਸ਼ਵਨੀ ਬਗਾਣੀਆ ਨੇ ਭਰੋਸਾ ਦਿੱਤਾ ਕਿ ਉਹ ਆਪਣੀ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ। ਉਹਨਾਂ ਦੱਸਿਆ ਕਿ 14 ਅਪ੍ਰੈਲ ਦਿਨ ਸੋਮਵਾਰ ਨੂੰ ਭਾਰਤ ਰਤਨ ਬਾਬਾ ਸਾਹਿਬ ਅੰਬੇਡਕਰ ਦੇ ਜਨਮ ਦਿਨ ਮੌਕੇ ਹਰ ਸਾਲ ਦੀ ਤਰ੍ਹਾਂ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਜਾਵੇਗਾ। ਇਸ ਮੌਕੇ ਬਲਵੀਰ ਬੈਂਸ ਸੀਨੀਅਰ ਮੈਂਬਰ, ਰਤਨ ਲਾਲ ਕੈਲੇ, ਜੀਤਾ ਭੁੱਲਾਰਾਏ, ਰਾਜੇਸ਼ ਕੁਮਾਰ, ਜੀਵਨ ਕੁਮਾਰ, ਗੁਰਜਿੰਦਰ ਸਿੰਘ ਨਿੱਝਰ, ਜਤਿਨ ਕੁਮਾਰ ਆਦਿ ਹਾਜਰ ਸਨ।

# ਭਾਰਤ ਦੀ ਸੁਰੱਖਿਆ ਨਾਲ ਖੇਡਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰੇਗੀ ਮੋਦੀ ਸਰਕਾਰ: ਅਮਿਤ ਸ਼ਾਹ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਜਲੰਧਰ 31 ਮਾਰਚ ( ਜੇ.ਐੱਸ. ਸੋਢੀ ) ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਅਮਿਤ ਸ਼ਾਹ ਨੇ ਲੋਕ ਸਭਾ ਵਿੱਚ ਇਮੀਗ੍ਰੇਸ਼ਨ ਅਤੇ ਵਿਦੇਸ਼ੀ ਬਿੱਲ, 2025 ਦਾ ਜਵਾਬ ਦਿੰਦੇ ਹੋਏ ਸਪੱਸ਼ਟ ਸੰਦੇਸ਼ ਦਿੱਤਾ ਕਿ, ‘ਇਹ ਬਿੱਲ ਘੁਸਪੈਠੀਆਂ ਲਈ ਘਾਤਕ ਸਾਬਤ ਹੋਣ ਵਾਲਾ ਹੈ।’ ਕੋਈ ਵੀ ਵਿਦੇਸ਼ੀ ਜੋ ਭਾਰਤ ਦੀ ਆਰਥਿਕਤਾ ਜਾਂ ਭਾਰਤ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਇਸ ਦੇਸ਼ ਵਿੱਚ ਦਾਖਲ ਹੁੰਦਾ ਹੈ, ਉਸਦਾ ਸਵਾਗਤ ਕੀਤਾ ਜਾਵੇਗਾ। ਪਰ ਮੋਦੀ ਸਰਕਾਰ ਦੇਸ਼ ਦੀ ਸੁਰੱਖਿਆ ਨਾਲ ਖੇਡਣ ਵਾਲਿਆਂ ਨੂੰ ਢੁਕਵਾਂ ਜਵਾਬ ਦੇਵੇਗੀ। ਭਾਰਤ ਕੋਈ ਧਰਮਸ਼ਾਲਾ ਨਹੀਂ ਹੈ ਜਿੱਥੇ ਕੋਈ ਵੀ ਘੁਸਪੈਠੀਆ ਆ ਕੇ ਵੱਸ ਸਕਦਾ ਹੈ। ਸਿਰਫ਼ ਦੇਸ਼ ਹੀ ਨਹੀਂ ਸਗੋਂ ਪੂਰੀ ਦੁਨੀਆ ਨੇ ਦੇਖਿਆ ਹੈ ਕਿ ਪਿਛਲੇ 10 ਸਾਲਾਂ ਵਿੱਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਭਾਰਤ ਇੱਕ ਸੁਰੱਖਿਅਤ, ਮਹਾਨ ਅਤੇ ਪੂਰੀ ਤਰ੍ਹਾਂ ਵਿਕਸਤ ਰਾਸ਼ਟਰ ਬਣਨ ਵੱਲ ਵਧ ਰਿਹਾ ਹੈ। ਸ਼ਾਹ, ਜੋ ਮੋਦੀ ਜੀ ਦੀ ਅਗਵਾਈ ਹੇਠ ਭਾਰਤੀ ਰਾਜਨੀਤੀ ਨੂੰ ਮੁੜ ਪਰਿਭਾਸ਼ਿਤ ਕਰਦੇ ਹਨ ਅਤੇ ਰਾਸ਼ਟਰੀ ਸੁਰੱਖਿਆ ਨੂੰ ਸਭ ਤੋਂ ਮਹੱਤਵਪੂਰਨ ਮੰਨਦੇ ਹਨ, ਦਾ ਮੰਨਣਾ ਹੈ ਕਿ ਇਮੀਗ੍ਰੇਸ਼ਨ ਅਤੇ ਵਿਦੇਸ਼ੀ ਬਿੱਲ ਦੇਸ਼ ਦੀ ਸੁਰੱਖਿਆ ਅਤੇ ਆਰਥਿਕਤਾ ਨੂੰ ਮਜ਼ਬੂਤ ਕਰਨ, ਸਾਡੀ ਸਿੱਖਿਆ ਪ੍ਰਣਾਲੀ ਅਤੇ ਯੂਨੀਵਰਸਿਟੀਆਂ ਨੂੰ ਵਿਸ਼ਵਵਿਆਪੀ ਬਣਾਉਣ, ਦੇਸ਼ ਵਿੱਚ ਖੋਜ ਅਤੇ ਜਾਂਚ ਲਈ ਇੱਕ ਮਜ਼ਬੂਤ ਨੀਂਹ ਰੱਖਣ ਅਤੇ 2047 ਤੱਕ ਭਾਰਤ ਨੂੰ ਹਰ ਖੇਤਰ ਵਿੱਚ ਵਿਸ਼ਵ ਮੋਹਰੀ ਬਣਾਉਣ ਲਈ ਬਹੁਤ ਮਹੱਤਵਪੂਰਨ ਹੈ।

# ਪੀ ਬੀ 13 ਨਿਊਟ੍ਰੇਸਨ ਸੰਗਰੂਰ ਵਲੋ ਫੈਮਲੀ ਫੀਸਟ ਪ੍ਰੋਗਰਾਮ ਦਾ ਕੀਤਾ ਗਿਆ ਆਯੋਜਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਸੰਗਰੂਰ,31 ਮਾਰਚ (ਜਗਸੀਰ ਸਿੰਘ) -ਸਥਾਨਕ ਇੱਕ ਸਕੂਲ ਦੇ ਨਿੱਜੀ ਖੇਡ ਮੈਦਾਨ ਵਿੱਚ ਫਿਟ ਇੰਡੀਆ ਪ੍ਰੋਗਰਾਮ ਦੇ ਤਹਿਤ ਫਿਟ ਫੈਮਲੀ ਫੀਸਟ ਸਮਾਗਮ ਕਰਵਾਇਆ ਗਿਆ ਜਿਸ ਵਿੱਚ 5 ਸਾਲ ਦੇ ਬੱਚੇ ਤੋਂ ਲੈ ਕੇ 80 ਸਾਲਾਂ ਤੱਕ ਦੇ ਬਜ਼ੁਰਗਾਂ ਨੇ ਭਾਗ ਲਿਆ। ਮਿਸ਼ਨ ਵੈਲਨੈਸ ਦੇ ਤਹਿਤ ਕਰਵਾਏ ਗਏ ਇਸ ਸ਼ਾਨਦਾਰ ਸਮਾਗਮ ਵਿੱਚ ਭਾਜਪਾ ਦੇ ਸਪੋਰਟਸ ਸੈਲ ਦੇ ਚੇਅਰਮੈਨ ਕਰਮ ਲਹਿਲ ਮੁੱਖ ਮਹਿਮਾਨ ਵਜੋਂ ਪੁੱਜੇ ਤੇ ਉਹਨਾਂ ਸਮਾਗਮ ਵਿੱਚ ਭਾਗ ਲੈਣ ਵਾਲਿਆਂ ਦੀ ਹੌਸਲਾ ਅਫਜਾਈ ਕੀਤੀ। ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਪੀ ਬੀ 13 ਨਿਊਟ੍ਰੇਸਨ ਸੈਂਟਰ ਦੇ ਸੰਚਾਲਕ ਸਾਹਿਬ ਅਵਨੀਤ ਸਿੰਘ ਤੇ ਡਾ ਗੁੰਜਨਗੀਤ ਕੌਰ ਨੇ ਦੱਸਿਆ ਕਿ ਇਹ ਪ੍ਰੋਗਰਾਮ ਪਰੇਮਜੀਤ ਸਿੰਘ ਦੀ ਦੇਖ ਹੇਠ ਕਰਵਾਇਆ ਗਿਆ ਹੈ। ਉਹਨਾਂ ਦੱਸਿਆ ਕਿ ਫਿਟ ਇੰਡੀਆ ਦੇ ਉਦੇਸ਼ ਨਾਲ ਕਰਵਾਏ ਗਏ ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਆਪਣੇ ਪਰਿਵਾਰਾਂ ਸਮੇਤ ਪਹੁੰਚ ਕੇ ਹਿੱਸੇਦਾਰੀ ਲਈ। ਉਹਨਾਂ ਦੱਸਿਆ ਕਿ ਪੰਜ ਘੰਟੇ ਚੱਲੇ ਇਹ ਸਮਾਗਮ ਵਿੱਚ ਬੱਚਿਆਂ, ਔਰਤਾਂ ,ਬਜ਼ੁਰਗਾਂ ਅਤੇ ਆਦਮੀਆਂ ਦੀਆਂ ਵੱਖ ਵੱਖ ਖੇਡਾਂ ਕਰਵਾਈਆਂ ਗਈਆਂ ਤੇ ਜੇਤੂਆਂ ਨੂੰ ਇਨਾਮ ਦਿੱਤੇ ਗਏ। ਸਮਾਗਮ ਦੇ ਅਖੀਰ ਵਿਚ ਫੋਕ ਭੰਗੜਾ ਗਰੁੱਪ ਪਟਿਆਲਾ ਦੀ ਟੀਮ ਨੇ ਆਪਣੇ ਭੰਗੜੇ ਨਾਲ ਸਾਰੇ ਹੀ ਪੰਡਾਲ ਨੂੰ ਨੱਚਣ ਲਾ ਦਿੱਤਾ।ਇਸ ਮੌਕੇ ਗੁਰਪ੍ਰੀਤ ਪੰਧੇਰ, ਸੁਖਵੰਤ ਕੌਰ,ਰਿਧੀ, ਗੁਰਬਿੰਦਰ ਪਾਲ ਕੌਰ,ਅਨੂ ਬਾਂਸਲ, ਕੁਲਬੀਰ ਕੌਰ ਕੈਮੀ, ਸੰਦੀਪ ਮਾਨ, ਮੀਨਾ ਰਾਣੀ, ਧਰਵਿੰਦਰ ਸਿੰਘ, ਗੁਰਪ੍ਰੀਤ ਮਾਨ,ਅਮਨ ਪਟਿਆਲਾ, ਕਮਲੇਸ਼ ਕੋਰ, ਜਸਵਿੰਦਰ ਕੌਰ, ਸੁਖਵਿੰਦਰ ਕੌਰ ਤੇ ਸਰਬਜੀਤ ਕੌਰ ਆਦਿ ਹਾਜ਼ਰ ਸਨ।

# ‘ਯੁੱਧ ਨਸ਼ਿਆਂ ਵਿਰੁੱਧ’ ਦੇ 31ਵੇਂ ਦਿਨ ਪੰਜਾਬ ਪੁਲਿਸ ਵੱਲੋਂ 48 ਨਸ਼ਾ ਤਸਕਰ ਕਾਬੂ; 16.7 ਕਿਲੋ ਹੈਰੋਇਨ, 34 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ‘ਤੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸ਼ੁਰੂ ਕੀਤੇ “ਯੁੱਧ ਨਸ਼ਿਆਂ ਵਿਰੁੱਧ” ਦੇ 31ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 48 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 16.7 ਕਿਲੋ ਹੈਰੋਇਨ ਅਤੇ 34300 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, ਸਿਰਫ਼ 31 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 4640 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ‘ਤੇ ਸੂਬੇ ਦੇ ਸਾਰੇ 28 ਪੁਲਿਸ ਜਿਲਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਗਏ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਸਪੈਸ਼ਲ ਡੀਜੀਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਦੱਸਿਆ ਕਿ 99 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1400 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਵੱਲੋਂ ਸੂਬਾ ਭਰ ਵਿੱਚ 518 ਥਾਵਾਂ ‘ਤੇ ਛਾਪੇਮਾਰੀ ਕੀਤੀ ਜਿਸਦੇ ਚਲਦਿਆਂ ਸੂਬੇ ਭਰ ਵਿੱਚ 35 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 608 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

## ਸਫਾ 1 ਦੀ ਖਬਰ ਦਾ ਭਾਗ

ਪੰਜਾਬ ਵਿਚ ਸਮਾਜਿਕ ਸਾਂਝ ਇੰਨੀ ਮਜ਼ਬੂਤ ਹੈ ਕਿ ਪੰਜਾਬ ਦੀ ਉਪਜਾਊ ਧਰਤੀ ’ਤੇ ਕੋਈ ਵੀ ਬੀਜ ਉੱਗ ਸਕਦਾ ਹੈ ਪਰ ਇੱਥੇ ਨਫ਼ਰਤ ਦਾ ਬੀਜ ਕਿਸੇ ਵੀ ਕੀਮਤ ’ਤੇ ਨਹੀਂ ਉੱਗੇਗਾ।ਮਾਲੇਰਕੋਟਲਾ ਵਾਸੀਆਂ ਲਈ ਵੱਡੇ ਪ੍ਰੋਜੈਕਟਾਂ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮਾਲੇਰਕੋਟਲਾ ਵਿਖੇ ਜਲਦੀ ਹੀ 100 ਸੀਟਾਂ ਵਾਲਾ ਮੈਡੀਕਲ ਕਾਲਜ ਬਣਾਇਆ ਜਾਵੇਗਾ, ਜਿਸ ਨਾਲ ਜ਼ਿਲ੍ਹਾ ਮੈਡੀਕਲ ਸਿੱਖਿਆ ਦੇ ਧੁਰੇ ਵਜੋਂ ਉਭਰੇਗਾ। ਉਨ੍ਹਾਂ ਕਿਹਾ ਕਿ ਮੈਡੀਕਲ ਕਾਲਜ ਦੇ ਨਾਲ-ਨਾਲ ਮਾਲੇਰਕੋਟਲਾ ਵਿਖੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ 200 ਬਿਸਤਰਿਆਂ ਵਾਲਾ ਸੁਪਰ ਸਪੈਸ਼ਲਿਟੀ ਹਸਪਤਾਲ ਵੀ ਬਣਾਇਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਾਲੇਰਕੋਟਲਾ ਵਿੱਚ ਮੌਜੂਦਾ ਲੜਕੀਆਂ ਦੇ ਕਾਲਜ ਨੂੰ ਵਿਦਿਅਕ ਸਹੂਲਤਾਂ ਵਿੱਚ ਸੁਧਾਰ ਲਈ ਅਪਗ੍ਰੇਡ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਮਾਲੇਰਕੋਟਲਾ ਵਿੱਚ ਨਵੇਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅਤੇ ਤਹਿਸੀਲ ਕੰਪਲੈਕਸ ਦੇ ਨਾਲ-ਨਾਲ ਅਮਰਗੜ੍ਹ ਵਿੱਚ ਇੱਕ ਹੋਰ ਤਹਿਸੀਲ ਕੰਪਲੈਕਸ ਦੀ ਉਸਾਰੀ ਲਈ ਫੰਡ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਮਾਲੇਰਕੋਟਲਾ ਅਤੇ ਆਸ-ਪਾਸ ਦੇ ਪਿੰਡਾਂ ਵਿੱਚ ਨਵਾਂ ਬੱਸ ਸਟੈਂਡ, ਲਿੰਕ ਸੜਕਾਂ, ਸਫ਼ਾਈ ਸਹੂਲਤਾਂ ਅਤੇ ਖੇਡ ਮੈਦਾਨ ਵਿਕਸਤ ਕੀਤੇ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਰਗ-ਰੌਣੀ ਅਤੇ ਖੰਨਾ ਰੋਡ ਨੂੰ ਮਜ਼ਬੂਤ ਕਰ ਕੇ ਲੋਕਾਂ ਨੂੰ ਵਧੀਆ ਸੜਕੀ ਸੰਪਰਕ ਦਿੱਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪਿੰਡਾਂ ਲਈ ਮਿੰਨੀ ਬੱਸ ਸੇਵਾ ਸ਼ੁਰੂ ਕੀਤੀ ਜਾਵੇਗੀ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਮਿੰਨੀ ਬੱਸਾਂ ਦੇ ਪਰਮਿਟ ਦਿੱਤੇ ਜਾਣਗੇ, ਜਿਸ ਨਾਲ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ ਅਤੇ ਪੇਂਡੂ ਆਵਾਜਾਈ ਵਿੱਚ ਸੁਧਾਰ ਹੋਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨਾਜਾਇਜ਼ ਜਾਇਦਾਦਾਂ, ਮਾਲ ਵਿਭਾਗ ਵਿੱਚ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੀ ਅਲਾਮਤ ਵਿਰੁੱਧ ਮੁਹਿੰਮ ਜਾਰੀ ਰੱਖੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਾਲੇਰਕੋਟਲਾ ਦੀ ਤਰੱਕੀ ਲਈ 200 ਕਰੋੜ ਰੁਪਏ ਅਲਾਟ ਕੀਤੇ ਗਏ ਹਨ ਅਤੇ ਸੂਬਾ ਸਰਕਾਰ ਜ਼ਿਲ੍ਹੇ ਦੇ ਸਰਬਪੱਖੀ ਵਿਕਾਸ ਲਈ ਦ੍ਰਿੜ੍ਹ ਸੰਕਲਪ ਹੈ।

# ਬਾਬਾ ਸਾਹਿਬ ਦਾ ਜਨਮ ਦਿਵਸ਼ 14 ਅਪ੍ਰੈਲ ਮਨਾਉਣ ਲਈ ਬੁਲਾਈ ਗਈ ਤਤਕਾਲ ਮੀਟਿੰਗ

## ਪਟਿਆਲਾ ਵਿਖੇ ਬੀ.ਆਰ. ਅੰਬੇਡਕਰ ਇੰਪਲਾਈਜ ਐਂਡ ਸ਼ੋਸਲ ਵੈਲਫੇਅਰ ਐਸੋਸੀਏਸਨ ਵੱਲੋਂ ਜਨਮ ਦਿਨ ਮਨਾਉਣ ਲਈ ਫੈਸਲਾ ਲਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਬਾਬਾ ਸਾਹਿਬ ਡਾ. ਅੰਬੇਡਕਰ ਦਾ 135ਵਾਂ ਜਨਮ ਦਿਨ ਮਨਾਉਣ ਲਈ ਪਟਿਆਲਾ ਦੀਆਂ ਅੰਬੇਡਕਰਵਾਦੀ ਜਥੇਬੰਦੀਆਂ ਦੀ ਪ੍ਰਭਾਤ ਪ੍ਰਵਾਨਾ ਹਾਊਸ ਵਿਖੇ ਬੀ. ਆਰ. ਅੰਬੇਡਕਰ ਇੰਮਪਲਾਈਜ ਅਤੇ ਵੈਲਫੇਅਰ ਐਸੋਸੀਏਸ਼ਨ ਦੇ ਕਨਵੀਨੀਅਰ ਨੇ ਆਪਣੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਗਰੁੱਪਾਂ ਵਿੱਚ ਮੈਸਿਜ ਪਾ ਕੇ ਤਤਕਾਲ ਮੀਟਿੰਗ ਦੇ ਸੱਦੇ ਉਤੇ 31/3 ਨੂੰ ਸਾਥੀ ਹਾਜਰ ਹੋਏ। ਇਸ ਸਭਾ ਦੀ ਕਾਰਵਾਈ ਸ੍ਰੀ ਹੁਸ਼ਿਆਰ ਚੰਦ ਐਸਬੀਆਈ ਨੇ ਨਿਭਾਈ। ਮੀਟਿੰਗ ਦੀ ਪ੍ਰਧਾਨਗੀ ਸਰਦਾਰ ਅਮਰਜੀਤ ਸਿੰਘ (ਰਿਟਾ ਡੀਈਓ) ਨੇ ਨਿਭਾਈ। ਸਾਰੇ ਹਾਜਰ ਮੈਂਬਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ, ਸਮੇਂ ਦੀ ਨਜਾਕਤ ਨੂੰ ਦੇਖਦੇ ਹੋਏ ਪੁਰਾਣੀ ਬੌਡੀ ਜੋ ਸਾਲ ਦਰ ਸਾਲ ਲਗਾਤਾਰ ਮੀਟਿੰਗਾਂ ਅਤੇ ਹੋਰ ਗਤੀਵਿਧੀਆਂ ਤੋਂ ਕਿਨਾਰਾ ਕਰਕੇ ਕੇਵਲ ਬਾਬਾ ਸਾਹਿਬ ਦਾ ਦਿਨ ਮਨਾਉਣ ਦੇ ਕਰਮ ਨੂੰ ਦੁਹਰਾਉਂਦੇ ਰਹਿਣ ਦੇ ਕਾਰਨ ਆਈ ਖੜੋਤ ਨੂੰ ਤੋੜਨ ਲਈ, ਸਮਾਜਿਕ ਹਿੱਤ ਦੇਖਦੇ ਹੋਏ ਉਸ ਨੂੰ ਭੰਗ ਕਰ ਦਿੱਤਾ ਗਿਆ। ਅਤੇ ਮੌਕੇ ਤੇ ਪਹੁੰਚੇ ਹਾਜਰ ਸਾਥੀਆਂ ਦੀ ਇਕ ਐਡਹਾਕ ਕਮੇਟੀ ਬਣਾਕੇ ਬਾਬਾ ਸਾਹਿਬ ਦਾ ਜਨਮ ਦਿਨ ਮਨਾਉਣ ਦੀ ਜਿੰਮੇਵਾਰੀ ਲਈ ਗਈ। ਕਮੇਟੀ ਦੇ ਸਾਰੇ ਕੰਮਾਂ ਦੇ ਦੇਖ ਰੇਖ ਕਰਨ ਦੇ ਕੰਮ ਨੂੰ ਸਰਦਾਰ ਅਮਰਜੀਤ ਸਿੰਘ ਰਿਟਾ. ਡੀਈਓ, ਸ੍ਰੀ ਮੋਹਿਤ ਵਾਲੀਆ ਜੀ, ਸ੍ਰੀ ਹੁਸ਼ਿਆਰ ਚੰਦ ਜੀ. ਸ੍ਰੀ ਸੋਹਨ ਸਿੰਘ ਜੀ, ਸ੍ਰੀ ਮਿਹਰ ਸਿੰਘ ਜੀ ਅੱਗੇ ਹੋ ਕੇ ਕਰਵਾਉਣ ਦੀ ਜਿੰਮੇਵਾਰ ਲਈ। ਅਤੇ ਸਮੇਂ ਮੁਤਾਬਿਕ ਜੋ ਵੀ ਫੈਸਲਾ ਲੈਣਾ ਹੋਵੇਗਾ, ਲੈ ਸਕਣ ਦੇ ਅਧਿਕਾਰੀ ਹੋਣਗੇ। ਇਸ ਮੀਟਿੰਗ ਵਿਚ ਹਾਜਰ ਹੋਣ ਵਾਲੇ ਸਾਥੀ ਸਰਦਾਰ ਸੋਹਣ ਸਿੰਘ, ਸ. ਹਰਦੀਪ ਸਿੰਘ ਚੁੰਬਰ, ਸ੍ਰੀ ਹੋਸ਼ਿਆਰ ਸਿੰਘ, ਸ. ਗੁਰਮੁੱਖ ਸਿੰਘ ਰੁੜਕੀ, ਸ੍ਰੀ ਅੰਗਰੇਜ ਸਿੰਘ ਬੀਐਸਐਨਐਲ, ਸ. ਗੁਰਪ੍ਰੀਤ ਸਿੰਘ ਟੀਚਰ ਯੂਨੀਅਨ ਤੋਂ, ਮਿਸ਼ਨਰੀ ਸੋਸਾਈਟੀ ਤੋਂ ਆਗੂ ਸ.ਸਮਸ਼ੇਰ ਸਿੰਘ ਅਤੇ ਜਸਵੀਰ ਸਿੰਘ, ਸ. ਅਮਰਜੀਤ ਸਿੰਘ ਡੀਈਓ ਰਿਟਾ., ਸ. ਗੁਰਮੁੱਖ ਸਿੰਘ ਪੀਐਸਪੀਸੀਐਲ, ਸ. ਵਿਕਰਮਜੀਤ ਸਿੰਘ ਐਸਬੀਆਈ ਤੋਂ, ਸ. ਈਸ਼ਰ ਸਿੰਘ ਰਿਟ. ਐਸਬੀਆਈ ਤੋਂ, ਸ੍ਰੀ ਮੋਹਿਤ ਵਾਲੀਆ ਪੀਐਲਟੀਸੀਐਲ, ਸ੍ਰੀ ਹਰਮੇਸ਼ ਕੁਮਾਰ ਸਮੇਤ ਸਾਰਿਆਂ ਨੇ ਇਸ ਨੂੰ ਤਨ ਦੇਹੀ ਨਾਲ ਨਿਭਾਉਣ ਦੀ ਜਿੰਮੇਵਾਰੀ ਲਈ

# ਕਰਨਲ ਬਾਠ ਮਾਮਲੇ 'ਚ ਸਿੱਟ ਨੇ ADGP ਏ.ਐਸ. ਰਾਏ ਦੀ ਅਗਵਾਈ ਹੇਠ ਜਾਂਚ ਅਰੰਭੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਕਰਨਲ ਪੁਸ਼ਪਿੰਦਰ ਸਿੰਘ ਬਾਠ ਨਾਲ ਕੁੱਟਮਾਰ ਮਾਮਲੇ ਦੀ ਜਾਂਚ ਕਰਨ ਲਈ ਡੀ.ਜੀ.ਪੀ. ਪੰਜਾਬ ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਏ.ਡੀ.ਜੀ.ਪੀ. ਸ. ਏ.ਐਸ. ਰਾਏ ਨੇ ਪਟਿਆਲਾ ਪੁੱਜ ਕੇ ਮਾਮਲੇ ਦੀ ਜਾਂਚ ਅਰੰਭੀ। ਉਨ੍ਹਾਂ ਨੇ ਰਜਿੰਦਰਾ ਹਸਪਤਾਲ ਦੇ ਬਾਹਰ ਸਬੰਧਤ ਢਾਬੇ ਨੇੜੇ ਘਟਨਾ ਸਥਾਨ ਦਾ ਜਾਇਜ਼ਾ ਲਿਆ ਤੇ ਘਟਨਾ ਦੇ ਸਾਰੇ ਤੱਥਾਂ ਨੂੰ ਇਕੱਠਾ ਕੀਤਾ ਅਤੇ ਮਾਮਲੇ ਦੀ ਜਾਂਚ ਲਈ ਸਾਰੇ ਪਹਿਲੂ ਮਿਸਲ 'ਤੇ ਲਿਆਉਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ।ਉਨ੍ਹਾਂ ਦੇ ਨਾਲ ਸਿਟ ਮੈਂਬਰ ਐਸ.ਐਸ.ਪੀ. ਹੁਸ਼ਿਆਰਪੁਰ ਸੰਦੀਪ ਮਲਿਕ, ਐਸ.ਪੀ. ਐਸ.ਏ.ਐਸ ਨਗਰ ਮਨਪ੍ਰੀਤ ਸਿੰਘ ਅਤੇ ਡੀ.ਐਸ. ਪੀ ਬਾਘਾਪੁਰਾਣਾ ਦਲਬੀਰ ਸਿੰਘ ਸਿੱਧੂ ਵੀ ਮੌਜੂਦ ਸਨ।

ਪਟਿਆਲਾ ਦੇ ਸਰਕਟ ਹਾਊਸ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਏ.ਡੀ. ਜੀ.ਪੀ. ਸ. ਏ.ਐਸ.ਰਾਏ ਨੇ ਸਪੱਸ਼ਟ ਕੀਤਾ ਕਿ ਸਿਟ ਵੱਲੋਂ ਪੂਰੇ ਮਾਮਲੇ ਦੀ ਪੜਤਾਲ ਵਿਗਿਆਨਕ ਤੇ ਫੋਰੈਂਸਿਕ ਅਤੇ ਤੱਥਾਂ 'ਤੇ ਅਧਾਰਿਤ ਨਿਰਪੱਖ ਢੰਗ ਨਾਲ ਕੀਤੀ ਜਾਵੇਗੀ।ਉਨ੍ਹਾਂ ਨੇ ਇਸ ਮਾਮਲੇ ਨੂੰ ਨਤੀਜੇ ਤੱਕ ਪਹੁੰਚਾਉਣ ਲਈ ਲੋਕਾਂ ਨੂੰ ਸੱਦਾ ਦਿੱਤਾ ਕਿ ਇਸ ਮਾਮਲੇ ਨਾਲ ਸਬੰਧਤ ਜੇਕਰ ਕਿਸੇ ਕੋਲ ਕੋਈ ਵੀਡੀਓ, ਕੋਈ ਹੋਰ ਸਬੂਤ ਜਾਂ ਮਿਲ ਕੇ ਕੋਈ ਬਿਆਨ ਦੇਣਾ ਚਾਹੁੰਦਾ ਹੈ ਜਾਂ ਕੋਈ ਹੋਰ ਜਾਣਕਾਰੀ ਹੋਵੇ ਤਾਂ ਉਹ ਮਿਤੀ 2 ਅਪ੍ਰੈਲ ਨੂੰ ਸਰਕਟ ਹਾਊਸ ਪਟਿਆਲਾ ਵਿਖੇ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਸਿਟ ਨੂੰ ਮਿਲ ਸਕਦਾ ਹੈ। ਏ. ਐਸ ਰਾਏ ਕਿਹਾ ਕਿ ਇਸ ਤੋਂ ਇਲਾਵਾ ਸਿਟ ਮੈਂਬਰ ਡੀਐਸਪੀ ਬਾਘਾਪੁਰਾਣਾ ਦਲਬੀਰ ਸਿੰਘ ਸਿੱਧੂ ਦੇ ਫੋਨ ਨੰਬਰ 75083 00342 'ਤੇ ਵੀ ਜਾਂਚ ਨਾਲ ਸਬੰਧਤ ਸੂਚਨਾ ਦਿੱਤੀ ਜਾ ਸਕਦੀ ਹੈ।ਉਨ੍ਹਾਂ ਕਿਹਾ ਕਿ ਢਾਬਾ ਮਾਲਕ ਸਮੇਤ ਕੋਈ ਵੀ ਵਿਅਕਤੀ ਇਸ ਜਾਂਚ ਵਿੱਚ ਸ਼ਾਮਲ ਹੋ ਸਕਦਾ ਹੈ ਕਿਉਂਕਿ ਜਾਂਚ ਦਾ ਘੇਰਾ ਵਿਸ਼ਾਲ ਹੋਵੇਗਾ ਅਤੇ ਇਸ ਨੂੰ ਨਤੀਜੇ 'ਤੇ ਲਿਜਾਇਆ ਜਾਵੇਗਾ।

ਏ.ਡੀ.ਜੀ.ਪੀ. ਸ. ਏ.ਐਸ. ਰਾਏ ਨੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਸਿਟ ਟੀਮ ਬਣਾਉਣ ਦਾ ਮੁੱਖ ਮਕਸਦ ਪੂਰੇ ਘਟਨਾਕ੍ਰਮ ਦੀ ਸ਼ੁਰੂ ਤੋਂ ਘੋਖ ਕਰਕੇ ਸੱਚਾਈ ਨੂੰ ਸਾਹਮਣੇ ਲਿਆਉਣਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਲਈ ਇਹ ਬਹੁਤ ਮੰਦਭਾਗੀ ਘਟਨਾ ਹੈ, ਜੋ ਕਿ ਨਹੀ ਸੀ ਵਾਪਰਨੀ ਚਾਹੀਦੀ, ਕਿਉਂਕਿ ਜਿੱਥੇ ਸਾਡੇ ਮਨਾਂ ਵਿੱਚ ਦੇਸ਼ ਦੀ ਫੌਜ ਲਈ ਅਥਾਹ ਸਤਿਕਾਰ ਹੈ ਉੱਥੇ ਹੀ ਪੰਜਾਬ ਪੁਲਿਸ ਦੀ ਸੂਬੇ ਵਿੱਚ ਅਮਨ ਸ਼ਾਂਤੀ ਕਾਇਮ ਰੱਖਣ ਲਈ ਅਹਿਮ ਭੂਮਿਕਾ ਹੈ।

ਉਹਨਾਂ ਨੇ ਕਿਹਾ ਘਟਨਾਂਕ੍ਰਮ ਦੀ ਡੂੰਘਾਈ ਨਾਲ ਜਾਂਚ ਕਰਕੇ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾਵੇਗੀ।

ਇੱਕ ਸਵਾਲ ਦੇ ਜਵਾਬ ਵਿੱਚ ਏ.ਡੀ.ਜੀ.ਪੀ ਰਾਏ ਨੇ ਕਿਹਾ ਕਿ ਕਰਨਲ ਬਾਠ ਨੇ ਪਹਿਲਾਂ ਹੀ ਲਿੱਖ ਕੇ ਦੇ ਦਿੱਤਾ ਹੈ ਕਿ ਉਹ ਸਿਟ ਸਾਹਮਣੇ ਪੇਸ਼ ਨਹੀਂ ਹੋਣਗੇ ਪਰ ਉਨ੍ਹਾਂ ਵੱਲੋਂ ਦਰਜ ਕਰਵਾਏ ਐਫਆਈਆਰ ਵਿਚਲੇ ਬਿਆਨਾਂ ਨੂੰ ਵੀ ਵਾਚਿਆ ਜਾਵੇਗਾ ਅਤੇ ਇਸ ਮਾਮਲੇ ਵਿੱਚ ਸ਼ਾਮਲ ਸਾਰੇ 12 ਪੁਲਿਸ ਮੁਲਾਜ਼ਮਾਂ ਨੂੰ ਵੀ 2 ਅਪ੍ਰੈਲ ਨੂੰ ਬੁਲਾ ਕੇ ਉਹਨਾਂ ਦੇ ਬਿਆਨ ਲਏ ਜਾਣਗੇ ਅਤੇ ਉਹਨਾਂ ਬਿਆਨਾ ਨੂੰ ਦਸਤਾਵੇਜਾਂ ਨਾਲ ਮਿਲਾ ਕੇ ਡੂੰਘਾਈ ਨਾਲ ਦੇਖਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਸਿਟ ਦੀ ਟੀਮ ਨੇ ਅੱਜ ਦਸਤਾਵੇਜ਼ੀ ਸਬੂਤਾਂ ਨੂੰ ਵਿਚਾਰਿਆ ਹੈ ਅਤੇ ਹੋਰ ਸਬੂਤਾਂ ਨੂੰ ਵੀ ਇਕੱਠਾ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਘਟਨਾ ਦੀ ਸੀ.ਸੀ.ਟੀ.ਵੀ. ਫੁਟੇਜ ਨੂੰ ਭਾਰਤ ਸਰਕਾਰ ਦੀ ਸੈਂਟਰਲ ਫੋਰੈਂਸਿੰਗ ਸਾਇੰਸ ਲੈਬ ਵਿੱਚ ਘੋਖਣ ਲਈ ਭੇਜਿਆ ਗਿਆ ਹੈ।

# ਬਰਿੰਦਰ ਕੁਮਾਰ ਗੋਇਲ ਵੱਲੋਂ ਸਰਦੂਲਗੜ੍ਹ ਹਲਕੇ 'ਚ ਕਰੀਬ 15 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਚਾਰ ਮਾਈਨਰਾਂ ਅਤੇ ਪੁਲ ਦਾ ਉਦਘਾਟਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਜ਼ਿਲ੍ਹਾ ਮਾਨਸਾ ਦੇ ਹਲਕਾ ਸਰਦੂਲਗੜ੍ਹ ਵਿੱਚ ਨਵੇਂ ਬਣਾਏ ਚਾਰ ਮਾਈਨਰਾਂ ਅਤੇ ਇੱਕ ਪੁਲ ਦਾ ਉਦਘਾਟਨ ਕੀਤਾ। ਕਰੀਬ 15 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਕੀਤੇ ਗਏ ਇਨ੍ਹਾਂ ਪ੍ਰਾਜੈਕਟਾਂ ਨਾਲ ਇਸ ਖੇਤਰ ਵਿੱਚ ਸਿੰਜਾਈ ਸਹੂਲਤਾਂ ਵਿੱਚ ਹੋਰ ਵਾਧਾ ਹੋਵੇਗਾ।

ਇਨ੍ਹਾਂ ਪ੍ਰਾਜੈਕਟਾਂ ਨੂੰ ਲੋਕਾਂ ਨੂੰ ਸਮਰਪਿਤ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੈਬਨਿਟ ਮੰਤਰੀ ਨੇ ਦੱਸਿਆ ਕਿ ਜਿੱਥੇ 12.82 ਕਰੋੜ ਰੁਪਏ ਦੀ ਲਾਗਤ ਨਾਲ ਚਾਰ ਮਾਈਨਰ ਰੋੜਕੀ ਮਾਈਨਰ, ਖੈਰਾ ਮਾਈਨਰ, ਝੰਡਾ ਮਾਈਨਰ ਅਤੇ ਮਾਈਨਰ ਨੰਬਰ-11 ਬੋਹਾ ਡਿਸਟ੍ਰੀਬਿਊਟਰੀ ਦਾ ਕੰਮ ਮੁਕੰਮਲ ਕੀਤਾ ਗਿਆ ਹੈ, ਉਥੇ 2.10 ਕਰੋੜ ਰੁਪਏ ਨਾਲ ਇਤਿਹਾਸਕ ਮਹੱਤਤਾ ਵਾਲਾ ਪੁਲ ਬਣਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਰੋੜਕੀ ਮਾਈਨਰ ਦੀ ਕੁੱਲ ਲੰਬਾਈ 45125 ਫੁੱਟ ਹੈ ਜਿਸ ਰਾਹੀਂ ਸਰਦੂਲਗੜ੍ਹ ਬਲਾਕ ਦੇ ਪਿੰਡਾਂ ਆਹਲੂਪੁਰ, ਕੋੜੀਵਾੜਾ, ਭੱਲਣਵਾੜਾ, ਸਰਦੂਲਗੜ੍ਹ, ਫੂਸਮੰਡੀ, ਰਣਜੀਤਗੜ੍ਹ ਬਾਂਦਰਾਂ, ਖੈਰਾ ਖੁਰਦ, ਝੁੰਡਣ, ਰੋੜਕੀ, ਝੰਡਾ ਖੁਰਦ, ਸਾਧੂਵਾਲਾ, ਮੀਰਪੁਰ ਖੁਰਦ, ਟਿੱਬੀ ਹਰੀ ਸਿੰਘ, ਸਰਦੂਲੇਵਾਲਾ ਨੂੰ ਪੀਣਯੋਗ ਅਤੇ ਰਕਬੇ ਨੂੰ ਸਿੰਜਾਈਯੋਗ ਪਾਣੀ ਮੁਹੱਈਆ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ 7636 ਏਕੜ ਰਕਬੇ ਨੂੰ ਲਾਭ ਪੁੱਜੇਗਾ। ਇਸੇ ਤਰ੍ਹਾਂ ਖੈਰਾ ਮਾਈਨਰ, ਜੋ 22040 ਫੁੱਟ ਲੰਮਾ ਹੈ, ਰਾਹੀਂ ਸਰਦੂਲਗੜ੍ਹ ਬਲਾਕ ਦੇ ਪਿੰਡਾਂ ਖੈਰਾ ਖੁਰਦ, ਆਹਲੂਪੁਰ, ਖੈਰਾ ਕਲਾਂ, ਝੰਡਾ ਕਲਾਂ, ਸਰਦੂਲਗੜ੍ਹ ਨੂੰ ਪੀਣਯੋਗ ਅਤੇ ਸਿੰਜਾਈਯੋਗ ਪਾਣੀ ਮੁਹੱਈਆ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮਾਈਨਰ ਨਾਲ 1934 ਏਕੜ ਰਕਬੇ ਨੂੰ ਸਿੰਜਾਈ ਸਹੂਲਤਾਂ ਮਿਲਣਗੀਆਂ। ਕੈਬਨਿਟ ਮੰਤਰੀ ਨੇ ਦੱਸਿਆ ਕਿ 19180 ਫੁੱਟ ਲੰਮੇ ਝੰਡਾ ਮਾਈਨਰ ਰਾਹੀਂ ਸਰਦੂਲਗੜ੍ਹ ਬਲਾਕ ਦੇ ਪਿੰਡਾਂ ਮਾਨਖੇੜਾ ਅਤੇ ਝੰਡਾ ਕਲਾਂ ਨੂੰ ਪੀਣਯੋਗ ਪਾਣੀ ਮਿਲੇਗਾ ਅਤੇ 2586 ਏਕੜ ਰਕਬੇ ਨੂੰ ਸਿੰਜਾਈਯੋਗ ਪਾਣੀ ਮਿਲ ਸਕੇਗਾ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਮਾਈਨਰ ਨੰਬਰ-11 ਬੋਹਾ ਡਿਸਟ੍ਰੀਬਿਊਟਰੀ, ਜੋ 22575 ਫੁੱਟ ਲੰਮੀ ਹੈ, ਰਾਹੀਂ ਸਰਦੂਲਗੜ੍ਹ ਬਲਾਕ ਦੇ ਪਿੰਡਾਂ ਮੀਰਪੁਰ ਖੁਰਦ, ਜਟਾਣਾਂ ਕਲਾਂ, ਟਿੱਬੀ ਹਰੀ ਸਿੰਘ, ਸਰਦੂਲੇਵਾਲਾ, ਕਾਹਨੇਵਾਲਾ ਨੂੰ ਪੀਣਯੋਗ ਅਤੇ ਸਿੰਜਾਈਯੋਗ ਪਾਣੀ ਮੁਹੱਈਆ ਹੁੰਦਾ ਹੈ। ਇਸ ਨਾਲ 4114 ਏਕੜ ਰਕਬੇ ਦੀ ਸਿੰਜਾਈ ਯਕੀਨੀ ਬਣੇਗੀ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਘੱਗਰ ਦਰਿਆ ਉੱਪਰ ਸਟੀਲ ਫੁੱਟ ਬ੍ਰਿਜ, ਜੋ 2.10 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਹੈ, ਵੀ ਅੱਜ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇੱਕ ਸਾਲ ਦੇ ਰਿਕਾਰਡ ਸਮੇਂ ਵਿਚ ਤਿਆਰ ਕੀਤੇ ਗਏ ਇਸ ਪੁੱਲ ਨਾਲ ਤਿੰਨ ਤੋਂ ਚਾਰ ਪਿੰਡਾਂ ਦੇ ਲੋਕਾਂ ਨੂੰ ਘੱਗਰ ਦਰਿਆ ਨੂੰ ਪਾਰ ਕਰਨ ਵਿੱਚ ਆਸਾਨੀ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਇੱਥੇ ਇੱਕ ਪੁਰਾਣਾ ਪੁਲ ਸੀ ਜਿਸ ਨੂੰ ਸਾਲ 2023 ਦੇ ਹੜ੍ਹਾਂ ਦੌਰਾਨ ਪਾਣੀ ਦੀ ਡਾਫ਼ ਲੱਗਣ ਕਾਰਨ ਤੋੜਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਨਵਾਂ ਪੁਲ ਪਾਣੀ ਦੇ ਹਰ ਪੱਧਰ ਨੂੰ ਸਹਿਣ ਕਰਨ ਲਈ ਬਣਾਇਆ ਗਿਆ ਹੈ। ਇਸ ਪੁੱਲ ਦਾ ਸਪੈਨ ਤਿੰਨ ਮੀਟਰ ਰੱਖਿਆ ਗਿਆ ਹੈ ਅਤੇ ਇਹ ਪੁੱਲ ਤਕਰੀਬਨ 94 ਮੀਟਰ ਲੰਬਾ ਹੈ।

ਇੱਕ ਸਵਾਲ ਦੇ ਜਵਾਬ ਵਿੱਚ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਹੁਣ ਤੱਕ ਸੂਬੇ ਵਿੱਚ 17565 ਦੇ ਕਰੀਬ ਖਾਲ ਬਣਾਏ ਅਤੇ ਬਹਾਲ ਕੀਤੇ ਹਨ ਅਤੇ 4500 ਕਿਲੋਮੀਟਰ ਅੰਡਰਗਰਾਊਂਡ ਪਾਈਪਾਂ ਪਾਈਆਂ ਹਨ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਅਸੀਂ 4557 ਕਰੋੜ ਰੁਪਏ ਨਹਿਰਾਂ 'ਤੇ ਖਰਚ ਕੀਤੇ ਹਨ, ਜੋ ਪਿਛਲੀਆਂ ਸਰਕਾਰਾਂ ਨਾਲੋਂ ਇਸ ਅਰਸੇ ਦੌਰਾਨ ਨਹਿਰਾਂ 'ਤੇ ਕੀਤੇ ਗਏ ਖ਼ਰਚੇ ਨਾਲੋਂ ਦੋ ਗੁਣਾਂ ਤੋਂ ਵੀ ਵੱਧ ਰਕਮ ਹੈ।

ਉਨ੍ਹਾਂ ਕਿਹਾ ਕਿ ਮਾਨਸਾ, ਪਟਿਆਲਾ ਅਤੇ ਸੰਗਰੂਰ ਆਦਿ ਜ਼ਿਲ੍ਹਿਆਂ ਲਈ ਮਾਨ ਸਰਕਾਰ ਨੇ 35 ਕਰੋੜ ਰੁਪਏ ਖ਼ਰਚ ਕੇ ਸਰਹਿੰਦ ਫੀਡਰ ਨੂੰ ਪੱਕਾ ਕੀਤਾ ਹੈ। ਕਰੀਬ 25 ਕਿਲੋਮੀਟਰ ਲੰਮੇ ਹਿੱਸੇ ਨੂੰ ਸਵਾ ਮਹੀਨੇ ਵਿੱਚ ਪੱਕਾ ਕੀਤਾ ਗਿਆ ਅਤੇ ਇਸ ਦੀ ਪਾਣੀ ਦੀ ਸਮਰੱਥਾ 900 ਕਿਊਸਿਕ ਤੋਂ ਵਧਾ ਕੇ 1600 ਕਿਊਸਿਕ ਕਰ ਦਿੱਤੀ ਗਈ ਹੈ ਤਾਂ ਜੋ ਜ਼ਿਲ੍ਹੇ ਵਿਚ ਸਿੰਜਾਈਯੋਗ ਪਾਣੀ ਆ ਸਕੇ। ਉਨ੍ਹਾਂ ਦੱਸਿਆ ਕਿ ਅਸੀਂ ਪਾਈਆਂ ਦੀ ਰੈਸ਼ਨਲਾਈਜੇਸ਼ਨ ਕਰ ਰਹੇ ਹਾਂ।

ਉਨ੍ਹਾਂ ਕਿਹਾ ਕਿ ਪਿਛਲੇ ਹਾਕਮਾਂ ਨੇ ਪੰਜਾਬ ਦੇ ਨਾਲ-ਨਾਲ ਇਸ ਦੇ ਪਾਣੀਆਂ ਨੂੰ ਵੀ ਆਪਣੇ ਨਿੱਜੀ ਫਾਇਦਿਆਂ ਲਈ ਵੰਡ ਲਿਆ ਸੀ। ਆਪਣੇ ਇਲਾਕਿਆਂ ਵਿੱਚ ਪਾਣੀ ਵੱਧ ਲੈ ਲਿਆ ਅਤੇ ਦੂਜੇ ਖੇਤਰਾਂ ਨੂੰ ਰੱਬ ਆਸਰੇ ਛੱਡ ਦਿੱਤਾ ਸੀ। ਉਨ੍ਹਾਂ ਕਿਹਾ ਕਿ ਜਿੱਥੇ ਇਨ੍ਹਾਂ ਹਾਕਮਾਂ ਦੀਆਂ ਜ਼ਮੀਨਾਂ ਸੀ, ਉਥੇ ਪਾਣੀ ਦੀ ਬਹੁਤਾਤ ਸੀ ਅਤੇ ਜਲ ਭੱਤਾ ਕਿਤੇ ਸੱਤ ਅਤੇ ਕਿਤੇ ਛੇ ਕਿਊਸਿਕ ਕਰ ਲਿਆ ਸੀ। ਉਨ੍ਹਾਂ ਕਿਹਾ ਕਿ ਅਸੀਂ ਪਾਣੀਆਂ ਵੀ ਕਾਣੀ ਵੰਡ ਨੂੰ ਸਹੀ ਕਰ ਰਹੇ ਹਾਂ। ਇਸੇ ਲੜੀ ਤਹਿਤ ਜ਼ਿਲ੍ਹੇ ਵਿੱਚ ਪਾਣੀ ਦੇ ਕਿਊਸਿਕ ਤੋਂ ਵਧਾ ਕੇ ਤਿੰਨ ਕਿਊਸਿਕ ਕੀਤਾ ਗਿਆ ਹੈ।

# ਤਰਨਤਾਰਨ ਵਿੱਚ 'ਆਪ' ਹੋਈ ਹੋਰ ਵੀ ਮਜ਼ਬੂਤ, ਕਈ ਸਥਾਨਕ ਆਗੂ ਪਾਰਟੀ ਵਿੱਚ ਹੋਏ ਸ਼ਾਮਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਆਮ ਆਦਮੀ ਪਾਰਟੀ (ਆਪ) ਨੂੰ ਤਰਨਤਾਰਨ ਵਿੱਚ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਕਈ ਪ੍ਰਮੁੱਖ ਸਥਾਨਕ ਆਗੂ ਪਾਰਟੀ ਵਿੱਚ ਸ਼ਾਮਲ ਹੋ ਗਏ। ਸਰਬਜੀਤ ਸਿੰਘ ਲਾਲੀ (ਵਾਰਡ ਨੰ. 24), ਸੁਰਿੰਦਰ ਸਿੰਘ ਮੱਲ੍ਹੀ (ਵਾਰਡ ਨੰ. 6), ਅਮਰਜੀਤ ਸਿੰਘ ਰਾਜਪੂਤ (ਵਾਰਡ ਨੰ. 9), ਕੁਲਵੰਤ ਕੌਰ (ਵਾਰਡ ਨੰ. 19), ਪਲਵਿੰਦਰ ਕੌਰ (ਵਾਰਡ ਨੰ. 3), ਅਤੇ ਸਾਬਕਾ ਨਗਰ ਕੌਂਸਲਰ ਦਲੇਰ ਸਿੰਘ ਅੱਜ ਅਧਿਕਾਰਤ ਤੌਰ 'ਤੇ 'ਆਪ' ਵਿੱਚ ਸ਼ਾਮਲ ਹੋਏ।

'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਸਾਰੇ ਆਗੂਆਂ ਨੂੰ ਪਾਰਟੀ ਵਿੱਚ ਸ਼ਾਮਲ ਕਰਾਇਆ ਅਤੇ ਸਵਾਗਤ ਕੀਤਾ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਨ੍ਹਾਂ ਸਾਰੀਆਂ ਆਗੂਆਂ ਦਾ 'ਆਪ' ਵਿੱਚ ਸ਼ਾਮਲ ਹੋਣ ਦਾ ਫੈਸਲਾ ਪਾਰਟੀ ਦੇ ਦ੍ਰਿਸ਼ਟੀਕੋਣ ਅਤੇ ਸ਼ਾਸਨ ਮਾਡਲ ਵਿੱਚ ਵਧ ਰਹੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਉਨ੍ਹਾਂ ਦਾ ਤਜਰਬਾ ਅਤੇ ਜਨਤਕ ਸੇਵਾ ਪ੍ਰਤੀ ਵਚਨਬੱਧਤਾ ਤਰਨਤਾਰਨ ਵਿੱਚ 'ਆਪ' ਦੀ ਜ਼ਮੀਨੀ ਪੱਧਰ 'ਤੇ ਮੌਜੂਦਗੀ ਨੂੰ ਮਜ਼ਬੂਤ ਕਰੇਗੀ।

ਅਮਨ ਅਰੋੜਾ ਦੇ ਨਾਲ, 'ਆਪ' ਆਗੂ ਗੁਰਦੇਵ ਸਿੰਘ ਲੱਖਾ (ਸੂਬਾ ਸਕੱਤਰ), ਗੁਰਵਿੰਦਰ ਸਿੰਘ ਬੈਦਵਾਲ (ਜ਼ਿਲ੍ਹਾ ਪ੍ਰਧਾਨ, 'ਆਪ' ਤਰਨਤਾਰਨ), ਅਤੇ ਅੰਗਦਦੀਪ ਸਿੰਘ ਸੋਹਲ (ਜ਼ਿਲ੍ਹਾ ਯੂਥ ਪ੍ਰਧਾਨ) ਵੀ ਇਸ ਮੌਕੇ ਮੌਜੂਦ ਸਨ। ਆਗੂਆਂ ਨੇ ਪਾਰਦਰਸ਼ੀ ਸ਼ਾਸਨ ਅਤੇ ਲੋਕ-ਕੇਂਦ੍ਰਿਤ ਨੀਤੀਆਂ ਪ੍ਰਤੀ 'ਆਪ' ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਅਤੇ ਜਨਤਕ ਭਲਾਈ ਲਈ ਸਮਰਪਿਤ ਹੋਰ ਵਿਅਕਤੀਆਂ ਨੂੰ ਅੰਦੋਲਨ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ।

ਅਰੋੜਾ ਨੇ ਕਿਹਾ ਕਿ 'ਆਪ' ਲਗਾਤਾਰ ਵਧ ਰਹੀ ਹੈ, ਸਥਾਨਕ ਨੇਤਾਵਾਂ ਅਤੇ ਨਾਗਰਿਕਾਂ ਦੇ ਵਧਦੇ ਸਮਰਥਨ ਨਾਲ ਜੋ ਸੂਬੇ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਦੇ ਪਾਰਟੀ ਦੇ ਮਿਸ਼ਨ ਵਿੱਚ ਵਿਸ਼ਵਾਸ ਰੱਖਦੇ ਹਨ। ਇਨ੍ਹਾਂ ਪ੍ਰਭਾਵਸ਼ਾਲੀ ਆਗੂਆਂ ਦੇ ਸ਼ਾਮਲ ਹੋਣ ਨਾਲ ਤਰਨਤਾਰਨ ਵਿੱਚ 'ਆਪ' ਦੀ ਸਥਿਤੀ ਹੋਰ ਮਜ਼ਬੂਤ ਹੋਵੇਗੀ।

# AIOBC: ALL INDIA OTHER BACKWARD CLASSES EMPLOYEES' FEDERATION

March 29, 2025

Hon'ble
Shri Jagdeep Dhankhar
Chancellor of Panjab University
& Vice President of India
New Delhi

**Respected Chancellor Sir,**
**Utter disregard of reservation policy for OBC in Panjab University, Chandigarh**

I hope this letter finds you in good health. I am writing to you with a heavy heart regarding a grave concern that undermines the principles of equality and justice in education and employment at Panjab University, Chandigarh.

It has come to my attention that the university is in clear violation of the Central Educational Institutions Act, 2007, which mandates a 27% reservation for Other Backward Classes (OBC) in both admissions and employment. Despite explicit directives from the University Grants Commission (UGC) emphasizing the need for strict adherence to this policy, Panjab University appears to be disregarding these guidelines.

The situation is alarming, as the university has not implemented any reservation for OBCs in employment, effectively resulting in zero reservation. Furthermore, the scant 5% reservation in admissions is woefully inadequate and contradicts the fundamental tenets of social justice that our educational institutions are meant to uphold. It is troubling to witness a prestigious university, funded by both the Union and State Governments, fail to embrace its responsibility to provide equitable opportunities for all students, particularly those from marginalized communities.

The OBC Federation previously engaged with the university administration and received a written response from the Registrar, dated May 28, 2024. The response indicated that the Vice Chancellor had marked the recommendations of the committee, which was established to ensure the reservation of 27% for OBCs in line with the Ministry of Human Resource Development (MHRD) directives issued on October 21, 2011. Unfortunately, despite these assurances, no tangible progress has been made towards the actual implementation of this reservation in admissions and employment.

Moreover, it is disheartening to observe that neither the Ministry of Education nor the UGC has taken decisive action to address these violations. This lack of oversight raises concerns about the commitment to enforcing governmental policies aimed at fostering inclusivity and diversity within higher education institutions.

As a result, the OBC Federation is currently on an indefinite relay hunger strike, calling for the fulfilment of the commitments made by the Vice Chancellor through the Registrar's letter.

I urge your immediate intervention in this matter to ensure that the university adheres to the Union Government's mandate regarding OBC reservations. It is crucial that the university commences the implementation process for both admissions and employment without any further delay.

Additionally, it is imperative that disciplinary actions are considered against the officials responsible for the prolonged non-implementation of the reservations, as their inaction is in direct violation of the guidelines set forth by the government.

**With respectful regards,**
**Yours**
**sincerely ehsam (G. Karunanidhy) General Secretary**

Copy to:
1. Hon'ble Shri. Dharmendra Pradhan, Union Education Minister, GoI, New Delhi Prof.Jagadesh Kumar, Chairperson, UGC, New Delhi
2. Shri.Ganesh Singh, Chairperson, Parliamentary Committee for OBC, New Delhi Prof.Renu Vig, Vice Chancellor, Panjab University, Chandigarh

## PANJAB UNIVERSITY, CHANDIGARH JOINTLY FUNDED BY UNION GOVT & STATE GOVERNMENT
## OBC RESERVATION 'ZERO'

IN RECRUITMENT 5% IN ADMISSION
TOTAL VIOLATION OF
1. CENTRAL EDUCATIONAL INSTITUTIONS ACT, 2006 2. UGC GUIDELINES 12.06.2023 (LATEST)

RO-202/24/7658 dated 28/5/24

**PANJAB UNIVERSITY, CHANDIGARH**

**The Vice Chancellor has marked the following recommendations of the Committee, constituted with regard to implementation of BC/OBC reservation n Panjab University to Regulation Committee: -**

**1. That the reservation policy for BCS/OBCs should be implemented in recruitment and admissions as soon as possible.**

**2. That 27% reservation be given to BC/OBC category candidates considering instructions issued by the MHRD vide letter dated 21.10.2011. However, few members recommended that within 27% reservation quota 12% be reserved for BC category candidates belonging to the State of Punjab, being a successor State.**

**Registrar**
**28-5-24**
**Registrar, Panjab Unery. Chandigarh**

Commitment by University dt:28.05.2024 not fulfilled.
OBC Federation is on indefinite relay hunger strike since 17.03.2025
EXTEND SUPPORT



**G.Karunanidhi**
**Gen Secretary 28.03.2025**

AIOBC: AIDBC ALL INDIA OBC EMPLOYEES' FEDERATION Email: aiobcfederation@gmail.com

# ਆਪ ਆਗੂ ਸਮੇਤ 7 ਲੋਕਾਂ ਤੇ ਮਾਮਲਾ ਦਰਜ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

| | | | | | |
|---|---|---|---|---|---|
| | | ਪੁੱਤਰ ਅਮਰੀਕ ਸਿੰਘ 7) ਅਮ੍ਰਿਤ ਸਿੰਘ ਉਰਫ ਭਾਰਤੀ ਪੁੱਤਰ ਬਹਾਦਰ ਸਿੰਘ ਵਾਸੀਆਨ ਪਿੰਡ ਘੁੰਗਰਾਲੀ ਰਾਜਪੂਤਾ ਥਾਣਾ ਸਦਰ ਖੰਨਾ ਜਿਲਾ ਲੁਧਿਆਣਾ | | | |
| 4 | ਸਦਰ ਖੰਨਾ | 1) ਤਲਵਿੰਦਰ ਸਿੰਘ ਪੁੱਤਰ ਤਰਲੋਚਨ ਸਿੰਘ 2) ਗੁਰਪ੍ਰੀਤ ਸਿੰਘ ਪੁੱਤਰ ਨਿਰਮਲ ਸਿੰਘ 3) ਅਮਨਦੀਪ ਸਿੰਘ ਲੋਲ ਪੁੱਤਰ ਇਕਬਾਲ ਸਿੰਘ 4) ਕਰਮਜੀਤ ਸਿੰਘ ਸਹੋਤਾ ਪੁੱਤਰ ਕੇਸਰ ਸਿੰਘ ਸਹੋਤਾ 5) ਹਰਦੀਪ ਸਿੰਘ ਕੁਲਾਰ ਪੁੱਤਰ ਨਰਿੰਦਰਪਾਲ ਸਿੰਘ 6) ਵਰਿੰਦਰ ਸਿੰਘ ਗਰੇਵਾਲ ਉਰਫ ਬਿੰਦੀ | 25 | ਜੇਰੇ ਧਾਰਾ 126/169 ਬੀ.ਐਸ.ਐਸ. ਐੱਸ | ਦਰਖਾਸਤ ਨੰਬਰ 515537-PGD ਮਿਤੀ 27.01.2025 ਦਰਖਾਸਤ ਨੰਬਰ 531442-PGD ਮਿਤੀ 18.02.2025 |

ਮਾਮਲਾ ਘੁੰਗਰਾਲੀ ਰਾਜਪੂਤਾਂ ਦਾ ਸੋਸ਼ਲ ਮੀਡੀਆ ਤੇ ਦਲਿਤ ਔਰਤਾਂ ਤੇ ਕੀਤੀਆਂ ਅਸ਼ਲੀਲ ਟਿੱਪਣੀਆਂ ਦਾ ਪਿਛਲੇ ਲੰਬੇ ਸਮੇਂ ਤੋਂ ਵੱਖ-ਵੱਖ ਵਿਵਾਦਾਂ ਕਰਕੇ ਚਰਚਾ ਚ ਰਿਹਾ ਪਿੰਡ ਘੰਗਰਾਲੀ ਰਾਜਪੂਤਾਂ ਵਿੱਚ ਸੋਸ਼ਲ ਮੀਡੀਆ ਤੇ ਹੋਏ ਵਿਵਾਦ ਤੇ ਆਪਸੀ ਬਹਿਸ ਮਗਰੋਂ ਲਗਭਗ ਛੇ ਮਹੀਨੇ ਬਾਅਦ ਥਾਣਾ ਸਦਰ ਖੰਨਾ ਅਧੀਨ ਆਉਂਦੀ ਚੌਂਕੀ ਕੋਟਾਂ ਵਿੱਚ ਆਪ ਆਗੂ ਸਮੇਤ ਸੱਤ ਲੋਕਾਂ ਤੇ ਮਾਮਲਾ ਦਰਜ ਕੀਤਾ ਗਿਆ ਹੈ।ਗੈਸ ਪਲਾਂਟ ਖਿਲਾਫ਼ ਲੱਗੇ ਧਰਨੇ ਮਗਰੋਂ ਸਰਪੰਚੀ ਤੇ ਪੰਚੀਆਂ ਦੇ 16 ਕਾਗਜ ਰੱਦ ਹੋਣ ਮਗਰੋਂ ਸਰਪੰਚੀ ਦੇ ਅਜ਼ਾਦ ਉਮੀਦਵਾਰ ਅੰਬੇਡਕਰਵਾਦੀ ਅੰਮ੍ਰਿਤ ਸਿੰਘ ਭਾਰਤੀ ਦੀ ਇੱਕ ਇਤਰਜ਼ਯੋਗ ਵੀਡਿਓ ਗੈਸ ਪਲਾਂਟ ਵਿਰੋਧੀ ਧਰਨਾ ਕਮੇਟੀ ਦੇ ਪ੍ਰਧਾਨ ਕਰਮਜੀਤ ਗਾਲੀ ਗਲੋਚ ਤੇ ਚਲੀ ਗਈ। ਜਿਸ ਸੰਬੰਧੀ ਹੁਣ ਆਪ ਆਗੂ ਹਰਦੀਪ ਸਿੰਘ ਕੁਲਾਰ, ਗੁਰਪ੍ਰੀਤ ਸਹੋਤਾ, ਕਰਮਜੀਤ ਸਹੋਤਾ, ਵਰਿੰਦਰ ਸਿੰਘ ਗਰੇਵਾਲ, ਅਮਨਦੀਪ ਲੇਲੂ, ਤਲਵਿੰਦਰ ਸਿੰਘ ਤੇ ਅੰਮ੍ਰਿਤ ਸਿੰਘ ਭਾਰਤੀ ਤੇ ਮਾਮਲਾ ਦਰਜ਼ ਕਰ ਦਿੱਤਾ ਗਿਆ ਹੈ।

ਕੀ ਕਿਹਾ ਅੰਮ੍ਰਿਤ ਸਿੰਘ ਭਾਰਤੀ ਨੇ ਇਸ ਸਬੰਧੀ ਜਦੋਂ ਅੰਬੇਡਕਰਵਾਦੀ ਅੰਮ੍ਰਿਤ ਸਿੰਘ ਭਾਰਤੀ ਨਾਲ ਗੱਲ ਕੀਤੀ ਗਈ ਤਾਂ ਉਸਨੇ ਕਿਹਾ ਕਿ ਇਸ ਮਾਮਲੇ ਨੂੰ ਇੰਨੀ ਦੇਰ ਤੱਕ ਸਿਆਸੀ ਪ੍ਰਭਾਵ ਆਮ ਆਦਮੀ ਪਾਰਟੀ ਦੇ ਆਗੂ ਵੱਲੋਂ ਪਲਾਂਟਡ ਧਰਨਾ ਲਗਾ ਕੇ ਸਿਆਸੀ ਲਾਭ ਖੱਟਣ ਲਈ ਲੋਕਾਂ ਨੂੰ ਪਿੱਛੇ ਲਗਾਇਆ ਗਿਆ ,ਜਦੋਂ ਅਸੀਂ ਇਸ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਸ਼ੁਰੂ ਕੀਤਾ ਤਾਂ ਰੰਜਿਸ਼ ਦੇ ਤਹਿਤ ਫਿਰ ਪਿੰਡ ਵਿੱਚ ਪੰਚਾਇਤੀ ਚੋਣਾਂ ਮੌਕੇ ਵਿਰੋਧੀ ਧਿਰਾਂ ਦੇ 16 ਪੰਚੀਆਂ ਅਤੇ ਸਰਪੰਚੀਆਂ ਦੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰਵਾਏ ਗਏ।ਜਦੋਂ ਇਸ ਸਬੰਧੀ ਧਰਨੇ ਮੁਜਾਰੇ ਚੱਲ ਰਹੇ ਸੀ ਤਾਂ ਪਿੰਡ ਵਿੱਚ ਭਾਈਚਾਰਕ ਸਾਂਝ ਨੂੰ ਖਰਾਬ ਕਰਨ ਸਬੰਧੀ ਸ਼ਿਕਾਇਤ ਉਸ ਸਮੇਂ ਥਾਣਾ ਸਦਰ ਖੰਨਾ ਵਿੱਚ ਦਿੱਤੀ ਸੀ ਲੇਕਿਨ ਸਿਆਸੀ ਪ੍ਰਭਾਵ ਕਰਕੇ ਉਸ ਸ਼ਿਕਾਇਤ ਤੇ ਕਾਰਵਾਈ ਨਹੀਂ ਕੀਤੀ ਗਈ। ਇਸ ਮਗਰੋਂ ਮੈਨੂੰ ਧਮਕੀ ਦੇ ਕੇ ਮੇਰੇ ਉੱਪਰ ਇੱਕ ਹਮਲਾ ਵੀ ਕੀਤਾ ਗਿਆ ਜਿਸ ਸਬੰਧੀ ਦਰਖਾਸਤ ਦਿੱਤੀ ਜਾ ਚੁੱਕੀ ਹੈ। ਇਸ ਮਸਲਿਆਂ ਸਬੰਧੀ ਅਸੀਂ ਹਾਈ ਕੋਰਟ ਤੱਕ ਜਾ ਕੇ ਐਸ.ਸੀ. ਐਕਟ ਤੇ ਹੋਰ ਸੰਬੰਧਿਤ ਸਖਤ ਧਰਾਵਾਂ ਦਾ ਵਾਧਾ ਕਰਾਉਣ ਲਈ ਪਹੁੰਚ ਕਰਾਂਗੇ।

# ਲਾਟਰੀ ਵਿਕਰੇਤਾ ਐਸੋਸੀਏਸ਼ਨ ਮੋਰਿੰਡਾ ਦੀ ਚੋਣ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਮੋਰਿੰਡਾ 31 ਮਾਰਚ ( ਪਤਰ ਪ੍ਰੇਰਕ) ਲਾਟਰੀ ਵਿਕਰੇਤਾ ਐਸੋਸੀਏਸ਼ਨ ਮੋਰਿੰਡਾ ਦੀ ਇੱਕ ਅਹਿਮ ਬੈਠਕ ਪੂਰਵਾਂਚਲ ਸਭਾ ਪ੍ਰਧਾਨ ਵਿਨੋਦ ਤਿਵਾੜੀ ਦੀ ਦੇਖ ਰੇਖ ਵਿੱਚ ਹੋਈ। ਜਿਸ ਵਿੱਚ ਸਰਬ ਸੰਮਤੀ ਨਾਲ ਰੋਹਿਤ ਤਵਾੜੀ (ਬਾਲਾ ਜੀ) ਨੂੰ ਲਾਟਰੀ ਵਿਕਰੇਤਾ ਐਸੋਸੀਏਸ਼ਨ ਮੋਰਿੰਡਾ ਦੇ ਪ੍ਰਧਾਨ ਲਗਾਇਆ ਗਿਆ। ਇਸੇ ਤਰ੍ਹਾਂ ਮੀਤ ਪ੍ਰਧਾਨ- ਸ਼ੰਭੂ ਪਾਂਡੇ, ਚੇਅਰਮੈਨ -ਵਿਕਰਮ ਪਾਠਕ ਸਚੀਵ ਅਤੇ ਰਾਜਨ ਮਿਸ਼ਰਾ ਚੇਅਰਮੈਨ, ਸੰਤੋਸ਼ ਪਾਂਡੇ ਅਤੇ ਐਨ, ਐਨ ਤਿਵਾੜੀ ਨੂੰ ਮੀਡੀਆ ਸਲਾਹਕਾਰ, ਪੰਕਜ ਪਾਂਡੇ- ਸਹਾਇਕ ਸਕੱਤਰ ਅਤੇ ਸਤੀਸ਼ ਸ਼ਰਮਾ ਨੂੰ ਐਸੋਸੀਏਸ਼ਨ ਦੇ ਸਕੱਤਰ ਨਿਯੁਕਤ ਕੀਤਾ ਗਿਆ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

# ਖੇਡਾਂ ਨੂੰ ਉਤਸ਼ਾਹਿਤ ਕਰਨ ਵਾਲਾ ਰਾਮ ਲਾਲ ਕਾਲੜਾ

## (31ਮਾਰਚ ਨੂੰ ਸੇਵਾ ਮੁਕਤੀ ਤੇ ਵਿਸ਼ੇਸ਼)

ਪਰਮਿੰਦਰ ਕੁਮਾਰ ਲੌਂਗੋਵਾਲ
ਗੌਰਮਿੰਟ ਸਕੂਲ ਲੈਕਚਰਾਰ
ਯੂਨੀਅਨ ਸੰਗਰੂਰ

ਉਹ ਕਿਹੜਾ ਅਧਿਆਪਕ ਜਾਂ ਖਿਡਾਰੀ ਹੈ ਜਿਹੜਾ ਰਾਮ ਲਾਲ ਭਾਵ ਕਾਲੀ ਕੋਚ ਤੋਂ ਵਾਕਿਫ਼ ਨਾ ਹੋਵੇ। ਕਿਸੇ ਇਨਸਾਨ ਦੀ ਵਾਕਫੀਅਤ ਉਸ ਵੱਲੋਂ ਕੀਤੇ ਖਾਸ ਕੰਮਾਂ ਕਾਰਣ ਹੀ ਬਣਦੀ ਹੈ।ਇਸ ਕਰਕੇ ਹੀ ਰਾਮ ਲਾਲ ਨੇ ਸਿੱਖਿਆ ਵਿਭਾਗ ਅਤੇ ਖੇਡ ਪ੍ਰੇਮੀਆਂ ਦੇ ਦਿਲਾਂ ਵਿੱਚ ਖਾਸ ਸਥਾਨ ਬਣਾ ਕੇ ਰੱਖਿਆ ਹੋਇਆ ਹੈ।ਰਾਮ ਲਾਲ ਕਾਲੜਾ ਦਾ ਜਨਮ ਸ਼੍ਰੀਮਤੀ ਚਾਂਦਨੀ ਦੇਵੀ ਦੀ ਕੁੱਖੋਂ ਪਿਤਾ ਸ਼੍ਰੀ ਗਣੇਸ਼ ਦਾਸ ਦੇ ਘਰ 6 ਮਾਰਚ 1967 ਨੂੰ ਸੰਗਰੂਰ ਵਿਖੇ ਹੋਇਆ। ਆਪ ਨੂੰ ਬਚਪਨ ਤੋਂ ਹੀ ਖੇਡਾਂ ਦਾ ਸ਼ੌਂਕ ਸੀ ਪਹਿਲੀ ਤੋਂ ਪੰਜਵੀਂ ਜਮਾਤ ਤੱਕ ਸੀ ਸਿੱਖਿਆ ਆਪ ਨੇ ਸਰਕਾਰੀ ਪ੍ਰਾਇਮਰੀ ਸਕੂਲ ਛੋਟਾ ਚੌਂਕ ਜਿਸ ਨੂੰ ਕਿਲੇ ਵਾਲਾ ਸਕੂਲ ਕਿਹਾ ਜਾਂਦਾ ਸੀ, ਉਥੋਂ ਪ੍ਰਾਪਤ ਕੀਤੀ ਇਸ ਉਪਰੰਤ ਆਪ ਨੇ ਛੇਵੀਂ ਤੋਂ ਦਸਵੀਂ ਤੱਕ ਦੀ ਸਿੱਖਿਆ ਸੰਗਰੂਰ ਦੇ ਰਾਜ ਹਾਈ ਸਕੂਲ ਤੋਂ 1983 ਵਿੱਚ ਪਾਸ ਕੀਤੀ ।ਇਸ ਤੋਂ ਬਾਅਦ ਆਪ ਨੇ ਉੱਚੇਰੀ ਵਿਦਿਆ ਲਈ ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਦਾਖਲਾ ਲਿਆ ਅਤੇ ਕੁਝ ਕੁ ਸਮਾਂ ਇੱਥੇ ਲਗਾਉਣ ਤੋਂ ਬਾਅਦ ਸਿੱਖਿਆ ਦਾ ਕੇਂਦਰ ਜਾਣੇ ਜਾਂਦੇ ਸ੍ਰੀ ਮਸਤੂਆਣਾ ਸਾਹਿਬ ਦੇ ਅਕਾਲ ਡਿਗਰੀ ਕਾਲਜ ਵਿਖੇ ਜਾ ਕੇ 1987 ਵਿੱਚ ਆਪ ਨੇ ਗ੍ਰੈਜੂਏਸ਼ਨ ਕੀਤੀ। ਇਸ ਸਮੇਂ ਪੜ੍ਹਾਈ ਦੇ ਨਾਲ ਨਾਲ ਆਪ ਰੋਜ਼ਾਨਾ ਗਰਾਊਂਡ ਵਿੱਚ ਜਾ ਕੇ ਖੇਡ ਕਸਰਤਾਂ ਕਰਦੇ ਰਹੇ ।ਖੇਡਾਂ ਵਿੱਚ ਰੁਚੀ ਹੋਣ ਕਾਰਨ ਆਪ ਨੇ 1989 ਵਿੱਚ ਬੀ. ਪੀ .ਐਡ. ਅਤੇ 1990 ਵਿੱਚ ਐਮ. ਪੀ. ਐਡ. ਦੀ ਸਿੱਖਿਆ ਕੋਰਸ ਕਰਕੇ ਆਪਣੇ ਆਪ ਨੂੰ ਖੇਡਾਂ ਦਾ ਅਧਿਆਪਕ ਬਣਨ ਦੇ ਯੋਗ ਕਰ ਲਿਆ ਆਪ ਨੇ ਇਹ ਦੋਵੇਂ ਡਿਗਰੀਆਂ ਗੌਰਮਿੰਟ ਕਾਲਜ ਆਫ ਫਿਜੀਕਲ ਐਜੂਕੇਸ਼ਨ ਪਟਿਆਲਾ ਤੋਂ ਕੀਤੀਆਂ ਅਤੇ ਨਾਲ ਹੀ ਆਪ ਨੇ 1992 ਵਿੱਚ ਬੋਕਸਿੰਗ ਕੋਚ ਦਾ ਡਿਪਲੋਮਾ ਐਨ ਐਸ ਐਨ ਆਈ ਐਸ ਮੋਤੀ ਬਾਗ ਪਟਿਆਲਾ ਤੋਂ ਕੀਤਾ । ਬਾਕਸਿੰਗ ਦਾ ਆਪ ਨੂੰ ਇਨਾਂ ਸ਼ੌਂਕ ਸੀ ਕਿ ਆਪ ਪੰਜ ਵਾਰੀ ਇੰਟਰ ਕਾਲਜ ਪੰਜਾਬੀ ਯੂਨੀਵਰਸਿਟੀ ਦੇ ਵਿੱਚੋਂ ਗੋਲਡ ਮੈਡਲ ਜਿੱਤਿਆ ਅਤੇ ਆਲ ਇੰਡੀਆ ਯੂਨੀਵਰਸਿਟੀ ਦੇ ਵਿੱਚੋਂ ਸਿਲਵਰ ਮੈਡਲ ਜਿੱਤ ਕੇ ਆਪ ਨੈਸ਼ਨਲ ਮੈਡਲਿਸਟ ਦੇ ਤੌਰ ਤੇ ਵਿਚਰਦੇ ਰਹੇ। ਇਸ ਸਮੇਂ ਦੌਰਾਨ ਆਪ 1992 ਤੋਂ ਲੈ ਕੇ 1994 ਤੱਕ ਸੰਗਰੂਰ ਦੇ ਸੇਵਾ ਸੰਮਤੀ ਸਕੂਲ ਅਤੇ ਪ੍ਰੇਮ ਸਭਾ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ, ਸਪਰਿੰਗ ਡੇਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਬਤੌਰ ਸਰੀਰਕ ਸਿੱਖਿਆ ਅਧਿਆਪਕ ਆਪਣੀਆਂ ਸੇਵਾਵਾਂ ਦੇ ਕੇ ਸ਼ਾਮ ਸਵੇਰੇ ਵਿਦਿਆਰਥੀਆਂ ਨੂੰ ਗਰਾਊਂਡ ਦੇ ਵਿੱਚ ਖੇਡਾਂ ਦੀ ਸਿਖਲਾਈ ਦੇ ਕੇ ਤਿਆਰ ਕਰਦੇ ਰਹੇ। 6 ਮਈ 1994 ਨੂੰ ਆਪ ਨੂੰ ਸਿੱਖਿਆ ਵਿਭਾਗ ਨੇ ਬਤੌਰ ਡੀਪੀਈ ਸਲੈਕਟ ਕੀਤਾ ਅਤੇ ਆਪ ਨੇ 6 ਮਈ 1994 ਨੂੰ ਸਰਕਾਰੀ ਹਾਈ ਸਕੂਲ ਬੱਲਰਾਂ ਬਲਾਕ ਲਹਿਰਾਗਾਗਾ ਤੋਂ ਆਪਣੀਆਂ ਸੇਵਾਵਾਂ ਸ਼ੁਰੂ ਕੀਤੀਆਂ ਲਗਭਗ ਛੇ ਸਾਲ ਉਸ ਸਕੂਲ ਦੇ ਵਿੱਚ ਆਪਣੀਆਂ ਸ਼ਾਨਦਾਰ ਸੇਵਾਵਾਂ ਦਿੱਤੀਆਂ 2000 ਤੋਂ 2001 ਤੱਕ ਆਪ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਖੋਰਾ ਵਿਖੇ ਅਤੇ 2001 ਤੋਂ 2005 ਤੱਕ ਸਰਕਾਰੀ ਹਾਈ ਸਕੂਲ ਬਖਸ਼ੀ ਵਾਲਾ (ਸੁਨਾਮ) ਵਿਖੇ ਆਪਣੀਆਂ ਸ਼ਾਨਦਾਰ ਸੇਵਾਵਾਂ ਦਿੰਦੇ ਹੋਏ ਸਮੇਂ ਸਮੇਂ ਤੇ ਸਿੱਖਿਆ ਵਿਭਾਗ ਵੱਲੋਂ ਆਯੋਜਿਤ



ਰਾਮ ਲਾਲ (ਕਾਲੀ ਕੋਚ)

ਕੀਤੀਆਂ ਜਾਣ ਵਾਲੀਆਂ ਜੋਨ, ਜ਼ਿਲ੍ਹਾ ਪੱਧਰੀ ਅਤੇ ਸਟੇਟ ਪੱਧਰੀ ਖੇਡਾਂ ਵਿੱਚ ਆਪਣੀਆਂ ਸੇਵਾਵਾਂ ਬਾਖ਼ੂਬੀ ਨਿਭਾਉਂਦੇ ਰਹੇ ।ਅਗਸਤ 2005 ਤੋਂ ਲੈ ਕੇ ਜੁਲਾਈ 2016 ਤੱਕ ਆਪ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਲੀਆਂ ਸੰਗਰੂਰ ਵਿਖੇ ਬਤੌਰ ਡੀ ਪੀ ਈ ਆਪਣੀਆਂ ਸੇਵਾਵਾਂ ਦਿੰਦੇ ਰਹੇ ਅਤੇ ਸਰਕਾਰ ਵੱਲੋਂ ਕੀਤੀਆਂ ਗਈਆਂ ਤਰੱਕੀਆਂ ਦੇ ਦੌਰਾਨ ਆਪ 15 ਜੁਲਾਈ 2016 ਨੂੰ ਫਿਜੀਕਲ ਐਜੂਕੇਸ਼ਨ ਦੇ ਲੈਕਚਰਾਰ ਪ੍ਰਮੋਟ ਹੋਏ ਅਤੇ ਆਪ ਨੇ ਜਾ ਕੇ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਧੂਰੀ ਪਿੰਡ ਵਿਖੇ ਆਪਣੀਆਂ ਸੇਵਾਵਾਂ ਜਾਰੀ ਕਰਕੇ ਗਿਆਰਵੀਂ, ਬਾਹਰਵੀਂ ਦੇ ਵਿਦਿਆਰਥੀਆਂ ਨੂੰ ਖੇਡਾਂ ਲਈ ਉਤਸ਼ਾਹਤ ਕਰਦੇ ਰਹੇ। 2 ਅਗਸਤ 2017 ਨੂੰ ਆਪ ਨੇ ਦੁਬਾਰਾ ਫੇਰ ਆਪਣੇ ਪਹਿਲੇ ਸਕੂਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਲੀਆਂ ਵਿਖੇ ਆ ਕੇ ਆਪਣੀਆਂ ਸੇਵਾਵਾਂ ਫਿਰ ਜਾਰੀ ਕਰ ਦਿੱਤੀਆਂ ਅਤੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਨੈਸ਼ਨਲ ਪੱਧਰ ਤੱਕ ਦੇ ਖਿਡਾਰੀ ਬਣਨ ਦੇ ਯੋਗ ਬਣਾਇਆ। ਆਪ ਨੇ ਇੱਕ ਖਾਸ ਉਪਲੱਬਧੀ ਕਰਦੇ ਹੋਏ ਇੱਕ ਬੱਚੇ ਨੂੰ ਚਾਰ ਸਾਲ ਸਿਖਲਾਈ ਦੇ ਕੇ ਬਾਕਸਿੰਗ ਦੇ ਯੋਗ ਬਣਾਇਆ ਤੇ ਉਸ ਬੱਚੇ ਨੇ ਬਾਅਦ ਵਿੱਚ ਵੱਡੇ ਹੋ ਕੇ ਕਾਮਨਵੈਲਥ ਖੇਡਾਂ ਦੇ ਵਿੱਚ ਬਰੌਂਜ ਮੈਡਲ ਲੈ ਕੇ ਦੇਸ਼ ਦਾ, ਆਪਣੇ ਅਧਿਆਪਕ ਅਤੇ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕਰਕੇ ਦਿਖਾਇਆ ਜਿਸਨੂੰ ਰਾਮ ਲਾਲ ਨਾ ਭੁੱਲਣ ਵਾਲੀ ਪ੍ਰਾਪਤੀ ਦੱਸਦੇ ਹਨ।

ਜਿੱਥੋਂ ਤੱਕ ਆਪ ਦੇ ਪਰਿਵਾਰ ਦਾ ਸਬੰਧ ਹੈ ਆਪਦੇ ਧਰਮ ਪਤਨੀ ਮੈਡਮ ਸੋਨੀਆ ਜਿਹੜੇ ਕਿ ਬਤੌਰ ਲੈਕਚਰਾਰ ਅੰਗਰੇਜ਼ੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਵਿਖੇ ਆਪਣੀਆਂ ਸੇਵਾਵਾਂ ਦੇ ਰਹੇ ਹਨ। ਆਪ ਦੀ ਬੇਟੀ ਐਨੀ ਕਨੇਡਾ ਵਿਖੇ ਉਚੇਰੀ ਪੜ੍ਹਾਈ ਲਈ ਪਹੁੰਚੀ ਹੋਈ ਹੈ ਅਤੇ ਬੇਟਾ ਆਯੂਸ਼ ਬੰਗਲੌਰ ਵਿਖੇ ਬਤੌਰ ਕੰਪਿਊਟਰ ਇੰਜਨੀਅਰ ਆਪਣੀਆਂ ਸੇਵਾਵਾਂ ਦੇ ਰਿਹਾ ਹੈ ।ਰਾਮ ਲਾਲ ਨੂੰ ਜੇਕਰ ਕਿਹਾ ਜਾਵੇ ਕਿ ਇੱਕ ਬਹੁਪੱਖੀ ਸ਼ਖਸ਼ੀਅਤ ਜਿਹੜਾ ਕਿ ਇੱਕ ਨਰਮ, ਮਿੱਠ ਬੋਲੜੇ ਸੁਭਾਅ ਵਾਲਾ ਅਧਿਆਪਕ ਹੈ ਜਿਸ ਨੇ ਹਮੇਸ਼ਾ ਹੀ ਆਪਣੇ ਸਕੂਲ ਮੁਖੀਆਂ, ਅਧਿਆਪਕ ਸਾਥੀਆਂ ਅਤੇ ਆਪਣੇ ਵਿਦਿਆਰਥੀਆਂ ਦੇ ਨਾਲ ਬੜੀ ਹਲੀਮੀ ਅਤੇ ਸ਼ਿਸ਼ਟਾਚਾਰ ਵਿੱਚ ਰਹਿੰਦੇ ਹੋਏ ਸਮਾਂ ਗੁਜਾਰਿਆ ਹੈ ।ਆਪ ਜੀ ਦੇ ਪੜ੍ਹਾਏ ਵਿਦਿਆਰਥੀ ਬਤੌਰ ਖੇਡਾਂ ਵਿੱਚ ਵੱਡੇ ਪੱਧਰ ਤੇ ਨਾਮਣਾ ਖੱਟਦੇ ਹੋਏ ਅੱਜ ਵੱਖ ਵੱਖ ਖੇਤਰਾਂ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਹਨ। ਭਾਵੇਂ ਸਰੀਰਕ ਤੌਰ ਤੇ ਜਾਂ ਚਿਹਰੇ ਤੋਂ ਇਹ ਨਹੀਂ ਲੱਗਦਾ ਕਿ ਰਾਮ ਲਾਲ ਅੱਜ 58 ਸਾਲਾਂ ਦੀ ਉਮਰ ਨੂੰ ਢੁੱਕ ਰਹੇ ਹਨ ਪ੍ਰੰਤੂ ਸਰਕਾਰ ਦੇ ਨਿਯਮਾਂ ਅਤੇ ਕਾਗਜਾਂ ਦੇ ਮੁਤਾਬਿਕ 31 ਮਾਰਚ 2025 ਨੂੰ ਸ੍ਰੀ ਰਾਮ ਲਾਲ ਕਾਲੜਾ ਆਪਣੀ 58 ਸਾਲਾਂ ਦੀ ਉਮਰ ਨੂੰ ਪੂਰੀ ਕਰਦੇ ਹੋਏ ਇਸ ਸਰਕਾਰੀ ਸੇਵਾ ਤੋਂ ਸੇਵਾ ਮੁਕਤ ਹੋ ਰਹੇ ਹਨ। ਆਪ ਦੀਆਂ ਸ਼ਾਨਦਾਰ ਸੇਵਾਵਾਂ ਸਿੱਖਿਆ ਵਿਭਾਗ ਅਤੇ ਖੇਡ ਵਿਭਾਗ ਲਈ ਅਹਿਮ, ਕਾਬਿਲੇ ਤਾਰੀਫ਼, ਅਤੇ ਮਾਣਮੱਤੀਆਂ ਹਨ। ਅਸੀਂ ਉਮੀਦ ਕਰਦੇ ਹਾਂ ਕਿ ਭਾਵੇਂ ਰਾਮ ਲਾਲ ਜੀ ਸਿੱਖਿਆ ਵਿਭਾਗ ਤੋਂ ਸੇਵਾ ਮੁਕਤ ਹੋ ਰਹੇ ਹਨ ਪ੍ਰੰਤੂ ਸੇਵਾ ਮੁਕਤੀ ਉਪਰੰਤ ਇਹ ਇਸੇ ਤਰ੍ਹਾਂ ਸ਼ਾਮ ਸਵੇਰੇ ਸਮਾਜ ਦੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਕੇ, ਉਹਨਾਂ ਨੂੰ ਖੇਡਾਂ ਦੀ ਟ੍ਰੇਨਿੰਗ ਦੇ ਕੇ ਇਸ ਸਮਾਜ ਵਿੱਚ ਆਪਣਾ ਬਣਦਾ ਮੋਹਰੀ ਰੋਲ ਅਦਾ ਕਰਦੇ ਰਹਿਣਗੇ।

# ਪੰਜਾਬ ਸਰਕਾਰ ਨੇ ਬਜਟ ਵਿੱਚ ਰੱਖਿਆ ਹਰੇਕ ਵਰਗ ਦਾ ਖਿਆਲ : ਆਪ ਆਗੂ ਵਿੱਕੀ ਵਸ਼ਿਸ਼ਟ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਲੌਂਗੋਵਾਲ,30 ਮਾਰਚ (ਜਗਸੀਰ ਸਿੰਘ) - ਪੰਜਾਬ ਸਰਕਾਰ ਦੇ ਵਿੱਤ ਮੰਤਰੀ ਸ.ਹਰਪਾਲ ਸਿੰਘ ਚੀਮਾ ਵੱਲੋਂ ਸਾਲ 2025-26 ਦਾ ਪੇਸ਼ ਕੀਤਾ ਗਿਆ ਬਜਟ ਪੂਰੀ ਤਰ੍ਹਾਂ ਨਾਲ ਲੋਕ ਹਿਤ ਵਾਲਾ ਹੈ, ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਬਲਾਕ ਲੌਂਗੋਵਾਲ ਪ੍ਰਧਾਨ ਸ੍ਰੀ ਵਿੱਕੀ ਵਸ਼ਿਸ਼ਟ ਨੇ ਪ੍ਰੈਸ ਬਿਆਨ ਰਾਹੀਂ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪਹਿਲੇ ਦਿਨ ਤੋਂ ਹੀ ਸਿੱਖਿਆ ਅਤੇ ਸਿਹਤ ਦੇ ਖੇਤਰ ਨੂੰ ਤਰਜੀਹ ਦੇ ਰਹੀ ਹੈ ਅਤੇ ਹਰੇਕ ਸਾਲ ਇਹਨਾਂ ਦੋਹਾਂ ਖੇਤਰਾਂ ਦੇ ਬਜਟ ਵਿੱਚ ਵਾਧਾ ਕੀਤਾ ਜਾਂਦਾ ਹੈ,ਪਰੰਤੂ ਇਸ ਵਾਰ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੁਆਰਾ ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ ਸਿਹਤ ਬੀਮਾ ਯੋਜਨਾਨਾਲ ਜੋੜਨ ਤੇ ਇਲਾਜ ਰਾਸ਼ੀ 5 ਤੋਂ ਵਧਾ ਕੇ 10 ਲੱਖ ਕਰਨ ਕਰਕੇ ਲੋਕਾਂ ਦਾ ਦਿਲ ਜਿੱਤ ਲਿਆ ਹੈ, ਇਸ ਨਾਲ ਸੂਬੇ ਦੀ ਆਮ ਜਨਤਾ ਨੂੰ ਬਹੁਤ ਜਿਆਦਾ ਫਾਇਦਾ ਹੋਵੇਗਾ, ਜਿਸ ਤਰ੍ਹਾਂ ਪੰਜਾਬ ਦੇ ਲੋਕਾਂ ਨੂੰ ਬਿਨਾਂ ਕਿਸੇ ਭੇਦਭਾਵ ਤੋਂ 300 ਯੂਨਿਟ ਮੁਫ਼ਤ ਬਿਜਲੀ ਪ੍ਰਾਪਤ ਹੋ ਰਹੀ ਹੈ, ਉਸੇ ਤਰ੍ਹਾਂ ਸਿਹਤ ਬੀਮਾ ਸਕੀਮ ਸ਼ੁਰੂ ਹੋਵੇਗੀ ਤੇ ਜਨਤਾ ਮੈਡੀਕਲ ਦੀ ਜਿਆਦਾ ਸਹੂਲਤ ਪ੍ਰਾਪਤ ਕਰ ਸਕੇਗੀ, ਇਸ ਤੋਂ ਇਲਾਵਾ ਸਰਕਾਰ ਨੇ ਸਕੂਲਾ ਲਈ 18 ਹਜ਼ਾਰ ਕਰੋੜ, ਖੇਡਾਂ ਦੇ ਤਹਿਤ ਹਰੇਕ ਪਿੰਡ ਵਿੱਚ ਖੇਡ ਮੈਦਾਨ ਬਣਾਉਣ ਦਾ ਬਜਟ ਵੀ ਰੱਖਿਆ ਹੈ ਜਿਸ ਨਾਲ ਪੰਜਾਬ ਦੀ ਨੌਜਵਾਨੀ ਨੂੰ ਬਹੁਤ ਫਾਇਦਾ ਹੋਵੇਗਾ।

ਸ੍ਰੀ ਵਿੱਕੀ ਵਸ਼ਿਸ਼ਟ ਨੇ ਕਿਹਾ ਇਸ ਬਜਟ ਵਿੱਚ ਸਮਾਜ ਦੇ ਹਰੇਕ ਵਰਗ ਦਾ ਖਿਆਲ ਰੱਖਿਆ ਗਿਆ



ਹੈ ਇਹ ਬਜਟ ਜਿੱਥੇ ਪੰਜਾਬ ਦੇ ਆਰਥਿਕ ਵਿਕਾਸ ਦੀ ਗਤੀ ਨੂੰ ਤੇਜ਼ ਕਰੇਗਾ, ਉੱਥੇ ਹੀ ਰੰਗਲੇ ਪੰਜਾਬ ਵੱਲ ਇਕ ਹੋਰ ਕਦਮ ਚੁੱਕਣ ‘ਚ ਵੀ ਮਦਦ ਕਰੇਗਾ,ਇਹ ਬਜਟ ਸਿਹਤਮੰਦ, ਨਸ਼ਾ ਮੁਕਤ ਅਤੇ ਰੰਗੀਨ ਪੰਜਾਬ ਦੀ ਸਿਰਜਣਾ ‘ਚ ਮਹੱਤਵਪੂਰਨ ਭੂਮਿਕਾ ਨਿਭਾਏਗਾ ।

# ਪੰਜਾਬ ‘ਚ ਅੱਜ ਤੋਂ ਸਾਰੇ ਸਕੂਲਾਂ ਦਾ ਸਮਾਂ ਬਦਲਿਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਸਕੂਲਾਂ ਵਿੱਚ ਕੱਲ੍ਹ 1 ਅਪ੍ਰੈਲ ਨੂੰ ਨਵਾਂ ਸੈਸ਼ਨ ਸ਼ੁਰੂ ਹੋ ਰਿਹਾ ਹੈ। ਸਰਕਾਰ ਵੱਲੋਂ ਸਕੂਲਾਂ ਦਾ ਸਮਾਂ ਬਦਲਿਆ ਗਿਆ ਹੈ। ਸਰਕਾਰ ਵੱਲੋਂ ਇਹ ਫ਼ੈਸਲਾ ਮੌਸਮੀ ਤਬਦੀਲੀ ਨੂੰ ਦੇਖਦਿਆਂ ਲਿਆ ਗਿਆ ਹੈ। 1 ਅਪ੍ਰੈਲ ਤੋਂ ਸ਼ੁਰੂ ਹੋਣ ਵਾਲੇ ਨਵੇਂ ਵਿੱਦਿਅਕ ਸੈਸ਼ਨ ਨਾਲ ਸਕੂਲਾਂ ਦਾ ਸਮਾਂ ਵੀ ਬਦਲ ਜਾਵੇਗਾ। ਸਾਰੇ ਪ੍ਰਾਇਮਰੀ, ਮਿਡਲ, ਹਾਈ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਖੁੱਲ੍ਹਣਗੇ। ਇਹ ਫੈਸਲਾ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਲਿਆ ਗਿਆ ਹੈ ਅਤੇ ਇਹ ਹੁਕਮ 30 ਸਤੰਬਰ ਤੱਕ ਲਾਗੂ ਰਹਿਣਗੇ।

ਹਾਲਾਂਕਿ ਮਾਹਿਰਾਂ ਅਨੁਸਾਰ ਜੇਕਰ ਇਸ ਦੌਰਾਨ ਗਰਮੀ ਵਧਦੀ ਹੈ ਜਾਂ ਕੋਈ ਐਮਰਜੈਂਸੀ ਪੈਦਾ ਹੋ ਜਾਂਦੀ ਹੈ ਤਾਂ ਸਰਕਾਰ ਉਸ ਤੋਂ ਪਹਿਲਾਂ ਹੀ ਇਸ ਸਬੰਧੀ ਕੋਈ ਫੈਸਲਾ ਲੈ ਸਕਦੀ ਹੈ। ਇਸ ਤੋਂ ਪਹਿਲਾਂ ਸਾਰੇ ਪ੍ਰਾਇਮਰੀ ਸਕੂਲਾਂ ਦਾ ਸਮਾਂ ਸਵੇਰੇ 8:30 ਵਜੇ ਤੋਂ ਦੁਪਹਿਰ 2:30 ਵਜੇ ਤੱਕ ਸੀ, ਜਦਕਿ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦਾ ਸਮਾਂ ਵੀ ਇਹੀ ਸੀ।

# ਹੁਸ਼ਿਆਰਪੁਰ ਵਿੱਚ ਈਦ-ਉਲ-ਫਿਤਰ ਦੀ ਨਮਾਜ਼ ਨਾਲ ਇਨਸਾਨੀਅਤ ਅਤੇ ਹਮਦਰਦੀ ਦਾ ਦਿੱਤਾ ਸੁਨੇਹਾ !

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ, 31 ਮਾਰਚ ( ਤਰਸੇਮ ਦੀਵਾਨਾ ) ਹੁਸ਼ਿਆਰਪੁਰ ਦੇ ਕਣਕ ਮੰਡੀ ਇਲਾਕੇ ਵਿੱਚ ਸਥਿਤ ਅਹਿਮਦੀਆ ਮਸਜਿਦ ਵਿੱਚ ਅੱਜ ਸਵੇਰੇ ਈਦ-ਉਲ-ਫਿਤਰ ਦੀ ਨਮਾਜ਼ ਪੂਰੇ ਜੋਸ਼ ਅਤੇ ਸ਼ਰਧਾ ਨਾਲ ਅਦਾ ਕੀਤੀ ਗਈ। ਈਦ ਦੀ ਨਮਾਜ਼ ਦੀ ਅਗਵਾਈ ਮੌਲਵੀ ਮੁਹੰਮਦ ਤਲਹਾ ਇੰਡੋਨੇਸ਼ੀਆ ਨੇ ਕੀਤੀ। ਨਮਾਜ਼ ਤੋਂ ਬਾਅਦ ਅਹਿਮਦੀਆ ਜਮਾਅਤ ਦੇ ਜ਼ਿਲ੍ਹਾ ਪ੍ਰਧਾਨ ਸ਼ੇਖ ਮੰਨਾਨ ਨੇ ਹਾਜ਼ਰ ਲੋਕਾਂ ਨੂੰ ਈਦ ਦੇ ਮੌਕੇ ’ਤੇ ਸੰਬੋਧਨ ਕੀਤਾ। ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਇਨਸਾਨੀਅਤ ਪ੍ਰਤੀ ਹਮਦਰਦੀ ਅਤੇ ਸਹਾਨੁਭੂਤੀ ਸਭ ਤੋਂ ਵੱਡੀ ਇਬਾਦਤ ਹੈ, ਜੋ ਅੱਲ੍ਹਾ ਦੀ ਖੁਸ਼ਨੂਦੀ ਹਾਸਲ ਕਰਨ ਦਾ ਸਭ ਤੋਂ ਉੱਤਮ ਰਾਹ ਹੈ। ਇਹ ਵਿਚਾਰ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਕਾਦਿਆਨੀ ਦੇ ਕਥਨ ਤੋਂ ਪ੍ਰੇਰਿਤ ਹੈ। ਸ਼ੇਖ ਮੰਨਾਨ ਨੇ ਕਿਹਾ ਕਿ ਰਮਜ਼ਾਨ ਦਾ ਪਵਿੱਤਰ ਮਹੀਨਾ ਆਪਣੀਆਂ ਬਰਕਤਾਂ ਨਾਲ ਖਤਮ ਹੋਣ ਤੋਂ ਬਾਅਦ ਈਦ-ਉਲ-ਫਿਤਰ ਦਾ ਤਿਉਹਾਰ ਸ਼ੁਰੂ ਹੁੰਦਾ ਹੈ। ਇਹ







ਤਿਉਹਾਰ ਮੁਸਲਮਾਨਾਂ ਲਈ ਅੱਲ੍ਹਾ ਦੀ ਇਬਾਦਤ ਕਰਦਿਆਂ ਖੁਸ਼ੀਆਂ ਮਨਾਉਣ ਦਾ ਮੌਕਾ ਹੈ। ਉਨ੍ਹਾਂ ਦੱਸਿਆ ਕਿ ਈਦ ਅਮਨ, ਹਮਦਰਦੀ, ਗਰੀਬਾਂ ਦੀ ਸੇਵਾ ਅਤੇ ਇਨਸਾਨੀਅਤ ਪ੍ਰਤੀ ਪਿਆਰ ਵਰਗੇ ਗੁਣਾਂ ਨੂੰ ਉਤਸ਼ਾਹਿਤ ਕਰਦੀ ਹੈ, ਜੋ ਸਾਨੂੰ ਰਮਜ਼ਾਨ ਦੀਆਂ ਸਿੱਖਿਆਵਾਂ ਤੋਂ ਮਿਲਦੇ ਹਨ। ਉਨ੍ਹਾਂ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਰਮਜ਼ਾਨ ਦੌਰਾਨ ਮਿਲੀਆਂ ਸਿੱਖਿਆਵਾਂ ਅਤੇ ਨੇਮਤਾਂ ਨੂੰ ਸਾਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਉਣਾ ਚਾਹੀਦਾ ਹੈ। ਈਦ ਦਾ ਦਿਨ ਇਨ੍ਹਾਂ ਬਰਕਤਾਂ ਪ੍ਰਤੀ ਸ਼ੁਕਰਗੁਜ਼ਾਰੀ ਜ਼ਾਹਰ ਕਰਨ ਦਾ ਮੌਕਾ ਹੈ, ਜੋ ਸਾਡੀ ਜ਼ਿੰਦਗੀ ਨੂੰ ਬੇਸ਼ੁਮਾਰ ਖੁਸ਼ੀਆਂ ਨਾਲ ਭਰ ਦਿੰਦੀਆਂ ਹਨ। ਇਸਲਾਮ ਦੀਆਂ ਸਿੱਖਿਆਵਾਂ ’ਤੇ ਚਾਨਣਾ ਪਾਉਂਦਿਆਂ ਸ਼ੇਖ ਮੰਨਾਨ ਨੇ ਕਿਹਾ ਕਿ ਇਸ ਵਿੱਚ ਅੱਲ੍ਹਾ ਦੇ ਹੱਕਾਂ ਨੂੰ ਪੂਰਾ ਕਰਨ ਦੇ ਨਾਲ-ਨਾਲ ਉਸ ਦੀ ਸ੍ਰਿਸ਼ਟੀ ਦੀ ਸੇਵਾ ਕਰਨ ਦਾ ਵੀ ਹੁਕਮ ਹੈ। ਇਨਸਾਨੀਅਤ ਪ੍ਰਤੀ ਹਮਦਰਦੀ ਅਤੇ ਸਦਕਾ-ਏ-ਫਿਤਰ ਵਰਗੇ ਦਾਨ ਨੂੰ ਹਰ ਮੁਸਲਮਾਨ ਲਈ ਜ਼ਰੂਰੀ ਕੀਤਾ ਗਿਆ ਹੈ, ਤਾਂ ਜੋ ਗਰੀਬ ਅਤੇ ਲੋੜਵੰਦ ਵੀ ਈਦ ਦੀਆਂ ਖੁਸ਼ੀਆਂ ਵਿੱਚ ਸ਼ਾਮਲ ਹੋ ਸਕਣ। ਉਨ੍ਹਾਂ ਕਿਹਾ, “ਇੱਕ ਮੁਸਲਮਾਨ ਦੀ ਸੱਚੀ ਈਦ ਉਦੋਂ ਹੀ ਪੂਰੀ ਹੁੰਦੀ ਹੈ, ਜਦੋਂ ਉਹ ਆਪਣੀਆਂ ਖੁਸ਼ੀਆਂ ਨੂੰ ਲੋੜਵੰਦਾਂ ਨਾਲ ਸਾਂਝਾ ਕਰਦਾ ਹੈ।ਉਨ੍ਹਾਂ ਨੇ ਜਮਾਅਤ ਅਹਿਮਦੀਆ ਦੇ ਬਾਨੀ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਦੇ ਕਥਨ ਦਾ ਹਵਾਲਾ ਦਿੰਦਿਆਂ ਕਿਹਾ, “ਇਨਸਾਨੀਅਤ ਪ੍ਰਤੀ ਹਮਦਰਦੀ ਸਭ ਤੋਂ ਵੱਡੀ ਇਬਾਦਤ ਹੈ ਅਤੇ ਇਹ ਅੱਲ੍ਹਾ ਦੀ ਰਜ਼ਾ ਹਾਸਲ ਕਰਨ ਦਾ ਸਭ ਤੋਂ ਵਧੀਆ ਰਾਹ ਹੈ।” ਨਾਲ ਹੀ, ਜਮਾਅਤ ਅਹਿਮਦੀਆ ਦੇ ਰੂਹਾਨੀ ਖਲੀਫਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ ਦੇ ਈਦ ਨਾਲ ਸਬੰਧਤ ਸੁਨੇਹੇ ਨੂੰ ਵੀ ਸਾਂਝਾ ਕੀਤਾ। ਉਨ੍ਹਾਂ ਫਰਮਾਇਆ, “ਈਦ ਦਾ ਦਿਨ ਸਿਰਫ ਤਿਉਹਾਰ ਮਨਾਉਣ ਲਈ ਨਹੀਂ ਹੈ, ਸਗੋਂ ਇਹ ਅੱਲ੍ਹਾ ਵੱਲੋਂ ਦਿੱਤੀਆਂ ਜ਼ਿੰਮੇਵਾਰੀਆਂ ਨੂੰ ਆਮ ਦਿਨਾਂ ਨਾਲੋਂ ਵੀ ਵੱਧ ਲਗਨ ਨਾਲ ਨਿਭਾਉਣ ਦਾ ਮੌਕਾ ਹੈ। ਸਾਨੂੰ ਆਪਣੀ ਇਬਾਦਤ ਦੇ ਨਾਲ-ਨਾਲ ਦੂਜਿਆਂ ਦੇ ਹੱਕਾਂ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਅਹਿਮਦੀਆ ਮੁਸਲਿਮ ਜਮਾਅਤ ਭਾਰਤ ਨੇ ਈਦ ਦੇ ਇਸ ਪਵਿੱਤਰ ਮੌਕੇ ’ਤੇ ਸਾਰੇ ਦੇਸ਼ ਵਾਸੀਆਂ ਨੂੰ ਦਿਲੀ ਮੁਬਾਰਕਬਾਦ ਦਿੱਤੀ ਅਤੇ ਦੇਸ਼ ਦੀ ਏਕਤਾ, ਅਖੰਡਤਾ, ਤਰੱਕੀ ਅਤੇ ਅਮਨ ਲਈ ਵਿਸ਼ੇਸ਼ ਦੁਆ ਕੀਤੀ। ਸਮਾਗਮ ਦੇ ਅੰਤ ਵਿੱਚ ਸਾਰਿਆਂ ਨੇ ਇੱਕ-ਦੂਜੇ ਨਾਲ ਗਲੇ ਮਿਲ ਕੇ ਈਦ ਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ’ਤੇ ਬਲਜੀਤ ਨਨਹਾੜ, ਸ਼ਮਸ਼ੇਰ ਖਾਨ, ਸੱਦਾਮ ਹੁਸੈਨ, ਵਲੀਦ ਅਹਿਮਦ, ਰੁਸਤਮ, ਰੱਬਾਨ ਸਮੇਤ ਕਈ ਹੋਰ ਲੋਕ ਹਾਜ਼ਰ ਸਨ

# ਡਾ. ਰਾਜਨ ਆਈ ਕੇਅਰ ਦੇ ਸਹਿਯੋਗ ਨਾਲ ਪਿੰਡ ਸਰਗੁੰਦੀ ਵਿਖੇ ਲਗਾਇਆ ਅੱਖਾਂ ਦਾ ਫਰੀ ਆਪ੍ਰੇਸ਼ਨ ਕੈਂਪ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com







ਫਗਵਾੜਾ 31 ਮਾਰਚ (ਸ਼ਿਵ ਕੌੜਾ) ਬਾਬਾ ਮੋਤੀ ਰਾਮ ਮਹਿਰਾ ਦੀ ਮਿੱਠੀ ਯਾਦ ਨੂੰ ਸਮਰਪਿਤ ਅੱਖਾਂ ਦਾ ਫਰੀ ਚੈੱਕਅਪ ਅਤੇ ਆਪ੍ਰੇਸ਼ਨ ਕੈਂਪ ਲੀਡਜ਼ (ਯੂ.ਕੇ.) ਦੀ ਸੰਗਤ ਵੱਲੋਂ ਡਾ. ਰਾਜਨ ਆਈ ਕੇਅਰ ਹਸਪਤਾਲ ਫਗਵਾੜਾ ਦੇ ਸਹਿਯੋਗ ਨਾਲ ਪਿੰਡ ਸਰਗੁੰਦੀ ਵਿਖੇ ਲਗਾਇਆ ਗਿਆ। ਜਿਸਦਾ ਉਦਘਾਟਨ ਮੱਖਣ ਸਿੰਘ ਯੂਕੇ, ਆਤਮਾ ਸਿੰਘ ਯੂਕੇ, ਬਲਜੀਤ ਯੂਕੇ, ਦਵਿੰਦਰ ਮਾਨ ਯੂਕੇ ਨੇ ਸਾਂਝੇ ਤੌਰ 'ਤੇ ਕੀਤਾ। ਇਸ ਕੈਂਪ ਵਿੱਚ 445 ਲੋੜਵੰਦਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ 56 ਮਰੀਜ਼ਾਂ ਦੀਆਂ ਅੱਖਾਂ ਵਿੱਚ ਸਰਜਰੀ ਰਾਹੀਂ ਫੋਲਡੇਬਲ ਲੈਂਸ ਫਰੀ ਪਾਏ ਗਏ। ਇਸ ਤੋਂ ਇਲਾਵਾ ਲੋੜ ਅਨੁਸਾਰ ਮਰੀਜ਼ਾਂ ਨੂੰ ਨਜ਼ਰ ਦੀਆਂ ਐਨਕਾਂ ਅਤੇ 320 ਮਰੀਜ਼ਾਂ ਨੂੰ ਦਵਾਈਆਂ ਵੀ ਬਿਲਕੁਲ ਮੁਫ਼ਤ ਦਿੱਤੀਆਂ ਗਈਆਂ। ਡਾ. ਰਾਜਨ ਆਈ ਕੇਅਰ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਡਾ. ਐਸ. ਰਾਜਨ ਨੇ ਮਰੀਜ਼ਾਂ ਨੂੰ ਅੱਖਾਂ ਦੀ ਦੇਖਭਾਲ ਬਾਰੇ ਜਾਣਕਾਰੀ ਦਿੱਤੀ ਅਤੇ ਆਪ੍ਰੇਸ਼ਨ ਤੋਂ ਬਾਅਦ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਵੀ ਜਾਗਰੂਕ ਕੀਤਾ। ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਅੱਖਾਂ ਦੀ ਸਿਹਤ ਦਾ ਵਿਸ਼ੇਸ਼ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਸਰੀਰ ਦਾ ਇੱਕ ਬਹੁਤ ਹੀ ਨਾਜ਼ੁਕ ਪਰ ਮਹੱਤਵਪੂਰਨ ਅੰਗ ਹੈ। ਥੋੜ੍ਹੀ ਜਿਹੀ ਲਾਪਰਵਾਹੀ ਅੱਖਾਂ ਲਈ ਖ਼ਤਰਨਾਕ ਹੋ ਸਕਦੀ ਹੈ। ਇਸ ਲਈ ਅੱਖਾਂ ਦੀ ਕੋਈ ਵੀ ਸਮੱਸਿਆ ਮਹਿਸੂਸ ਹੋਵੇ ਤਾਂ ਤੁਰੰਤ ਮਾਹਿਰ ਡਾਕਟਰ ਦੀ ਸਲਾਹ ਨਾਲ ਇਲਾਜ ਕਰਵਾਉਣਾ ਚਾਹੀਦਾ ਹੈ। ਅਖੀਰ 'ਚ ਪ੍ਰਬੰਧਕਾਂ ਨੇ ਡਾ. ਰਾਜਨ ਅਤੇ ਉਨ੍ਹਾਂ ਦੀ ਪੂਰੀ ਟੀਮ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਨਰਿੰਦਰ ਕੁਮਾਰ, ਪਰਮਿੰਦਰ ਸਿੰਘ, ਨਰਿੰਦਰ ਸਿੰਘ ਦੇਸਾਂਝ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਬਾਬਾ ਸਾਹਿਬ ਦੇ ਬੁੱਤ ਦਾ ਉਦਘਾਟਨ ਅੰਬੇਡਕਰ ਭਵਨ 'ਚ ਹੰਸ ਰਾਜ ਸਾਂਪਲਾ ਯੂ.ਕੇ. ਕਰਨਗੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਜਲੰਧਰ 31 ਮਾਰਚ ( ਜੇ.ਐਸ. ਸੋਢੀ ) ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਬੋਰਡ ਆਫ ਟਰੱਸਟੀਜ਼ ਦੀ ਮੀਟਿੰਗ ਟਰੱਸਟ ਦੇ ਚੇਅਰਮੈਨ ਸ੍ਰੀ ਸੋਹਨ ਲਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਅਹਿਮ ਫੈਸਲੇ ਲਏ ਗਏ। ਚੇਅਰਮੈਨ ਸ੍ਰੀ ਸੋਹਨ ਲਾਲ, ਸਾਬਕਾ ਡੀਪੀਆਈ ਕਾਲਜਾਂ ਨੇ ਦੱਸਿਆ ਕਿ ਇਤਿਹਾਸਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਬਾਬਾ ਸਾਹਿਬ ਦਾ ਸਟੈਚੂ (ਬਸਟ) ਲਗਾਇਆ ਜਾ ਰਿਹਾ ਹੈ, ਜਿਸ ਦਾ ਉਦਘਾਟਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ 14 ਅਪ੍ਰੈਲ ਨੂੰ ਸ੍ਰੀ ਹੰਸ ਰਾਜ ਸਾਂਪਲਾ ਯੂਕੇ ਦੁਆਰਾ ਕੀਤਾ ਜਾਵੇਗਾ। ਇਹ ਸਟੈਚੂ ਸਮਰਪਤ ਅੰਬੇਡਕਰੀ ਸ੍ਰੀ ਹੰਸ ਰਾਜ ਸਾਂਪਲਾ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਸੀਤੋ ਜੱਸਲ ਸਾਂਪਲਾ ਵੱਲੋਂ ਸਪਾਂਸਰ ਕੀਤਾ ਗਿਆ ਹੈ। ਇਸ ਪ੍ਰੋਜੈਕਟ ਵਿੱਚ ਡਾ. ਹਰਬੰਸ ਵਿਰਦੀ ਲੰਡਨ ਯੂਕੇ ਦਾ ਵਿਸ਼ੇਸ਼ ਯੋਗਦਾਨ ਹੈ। ਯਾਦ ਰਹੇ ਕਿ 27 ਅਕਤੂਬਰ, 1951 ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਇਸ ਜਗ੍ਹਾ ਆਏ ਸਨ ਅਤੇ ਲੋਕਾਂ ਨੂੰ ਸੰਬੋਧਿਤ ਹੋਏ ਸਨ। ਹੁਣ ਇਸ ਇਤਿਹਾਸਿਕ ਸਥਾਨ ਬਾਬਾ ਸਾਹਿਬ ਡਾ. ਅੰਬੇਡਕਰ ਦੀ ਚਰਨਛੋਹ-ਪ੍ਰਾਪਤ ਭੂਮੀ ਅੰਬੇਡਕਰ ਭਵਨ ਵਿਖੇ 14 ਅਪ੍ਰੈਲ ਨੂੰ ਬਾਬਾ ਸਾਹਿਬ ਦਾ ਸਟੈਚੂ ਲਗਾ ਕੇ ਇਕ ਨਵਾਂ ਇਤਿਹਾਸ ਰਚਿਆ ਜਾ ਰਿਹਾ ਹੈ। ਟਰੱਸਟ ਦੇ ਚੇਅਰਮੈਨ ਸ੍ਰੀ ਸੋਹਨ ਲਾਲ ਨੇ ਸਭ ਨੂੰ ਅਪੀਲ ਕਰਕੇ ਕਿਹਾ ਹੈ ਕਿ 14 ਅਪ੍ਰੈਲ ਨੂੰ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਆ ਕੇ ਇਸ ਵਿਸ਼ੇਸ਼ ਈਵੈਂਟ ਦਾ ਹਿੱਸਾ ਬਣੋ ਅਤੇ ਬਾਬਾ ਸਾਹਿਬ ਦੇ ਜਨਮ ਦਿਵਸ ਸਮਾਗਮ ਵਿੱਚ ਬੁੱਧੀਜੀਵੀਆਂ ਦੇ ਵਿਚਾਰ ਸੁਣੋ। ਇਸ ਮੌਕੇ ਡਾ. ਜੀ. ਸੀ. ਕੌਲ, ਡਾ. ਸੁਰਿੰਦਰ ਅਜਨਾਤ, ਬਲਦੇਵ ਰਾਜ ਭਾਰਦਵਾਜ, ਚਰਨਦਾਸ ਸੰਧੂ, ਕਮਲਸ਼ੀਲ ਬਾਲੀ, ਹਰਮੇਸ਼ ਜੱਸਲ, ਡਾ. ਤਰਸੇਮ ਸਾਗਰ, ਐਡਵੋਕੇਟ ਯੋਗਿਆਦੀਪ, ਪ੍ਰੋ. ਬਲਬੀਰ, ਪਰਮਿੰਦਰ ਸਿੰਘ ਖੁਤਨ, ਜਸਵਿੰਦਰ ਵਰਿਆਣਾ, ਮਹਿੰਦਰ ਸੰਧੂ ਮੌਜੂਦ ਸਨ।

# ਸਰਕਾਰੀ ਸਕੂਲ ਆਫ ਸਕੂਲ ਆਫ ਐਮੀਨੈਂਸ ਮੋਰਿੰਡਾ ਦੇ ਨਤੀਜੇ ਸ਼ਾਨਦਾਰ ਰਹੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਮੋਰਿੰਡਾ 31 ਮਾਰਚ ,(ਪਤਰ ਪ੍ਰੇਰਕ,) ਸ਼ਹੀਦ ਸੂਬੇਦਾਰ ਮੇਵਾ ਸਿੰਘ ਐਮੀਨੈਂਸ ਸਕੂਲ ਮੋਰਿੰਡਾ ਵਿਖੇ ਅਜ ਮਾਪੇ ਅਧਿਆਪਕ ਮਿਲਣੀ ਪ੍ਰਿ ਵਰਿੰਦਰਜੀਤ ਕੌਰ ਦੀ ਅਗਵਾਈ ਵਿੱਚ ਕਰਵਾਈ ਗਈ। ਜਿਸ ਵਿੱਚ ਛੇਵੀਂ, ਸੱਤਵੀਂ, ਨੌਵੀਂ ਤੇ ਗਿਆਰਵੀਂ ਜਮਾਤਾਂ ਦਾ ਸਲਾਨਾ ਨਤੀਜਾ ਕੱਢਿਆ ਗਿਆ। ਇਸ ਸਮੇਂ ਮਾਪੇ ਅਧਿਆਪਕ ਸੰਸਥਾ ਦੇ ਅਹੁਦੇਦਾਰਾਂ ਨੇ ਸਕੂਲ ਦੇ ਵਧੀਆ ਨਤੀਜੇ ਆਉਣ ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਵਧਾਈਆਂ ਦਿੱਤੀਆਂ। ਇਸ ਦੌਰਾਨ ਬੱਚਿਆਂ ਵੱਲੋਂ ਅਪਣੇ ਹੱਥੀਂ ਤਿਆਰ ਕੀਤੇ ਚਿੱਤਰਾਂ ਅਤੇ ਹੋਰ ਸਮਾਨ ਦੀਆਂ ਵੱਖ-ਵੱਖ ਦੁਕਾਨਾ ਲਗਾਈਆਂ ਗਈਆਂ। ਇਸ ਸਮੇਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਪ੍ਰੇਮ ਕੁਮਾਰ ਮਿਤਲ ਵੱਲੋਂ ਵੀ ਸਕੂਲ ਦਾ ਦੌਰਾ ਕੀਤਾ ਗਿਆ ਤੇ ਉਹਨਾਂ ਦੁਆਰਾ ਸਕੂਲ ਦੀ ਕਾਰਗੁਜ਼ਾਰੀ ਦੀ ਪ੍ਰਸੰਸਾ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗਿਰਧਾਰੀ ਲਾਲ, ਮੈਡਮ ਹਰਜੀਤ ਕੌਰ, ਰਜਨੀ ਬਾਲਾ, ਅਤੇ ਸਤਨਾਮ ਸਿੰਘ ਸਮੇਤ ਸਕੂਲ ਸਟਾਫ, ਮਾਪੇ ਅਧਿਆਪਕ ਸੰਸਥਾ ਦੇ ਅਹੁਦੇਦਾਰਾਂ, ਬਚਿਆਂ ਦੇ ਮਾਪਿਆਂ ਸਮੇਤ ਅਨੇਕਾਂ ਪਤਵੰਤੇ ਸੱਜਣ ਹਾਜ਼ਰ ਸਨ।

# ਨਗਰ ਕੌਂਸਲ ਖੰਨਾ ਦੇ ਪ੍ਰਾਪਰਟੀ ਟੈਕਸ ਵਿੰਗ ਦੇ ਸਮੁੱਚੇ ਮੁਲਾਜ਼ਮ ਛੁੱਟੀਆਂ ਦੌਰਾਨ ਹਾਜ਼ਰ ਰਹੇ

## ਈ ਓ ਚਰਨਜੀਤ ਸਿੰਘ ਨੇ ਸਮੁੱਚੇ ਮੁਲਾਜ਼ਮਾਂ ਵਲੋਂ ਰਿਕਾਰਡ ਵਸੂਲੀ 29,63,670 ਰੁਪਏ ਪ੍ਰਾਪਤ ਕਰਨ ਲਈ ਪ੍ਰਸ਼ੰਸ਼ਾ ਕੀਤੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਖੰਨਾ ਮਾਰਚ 31( ) ਨਗਰ ਕੌਂਸਲ ਖੰਨਾ ਦੇ ਦਫਤਰ ਪ੍ਰੋਪਰਟੀ ਟੈਕਸ ਅਦਾ ਕਰਨ ਦੀਆਂ ਆਖਰੀ ਤਰੀਕਾਂ ਹੋਣ ਕਾਰਨ ਅਤੇ ਪਬਲਿਕ ਨੂੰ ਜ਼ੁਰਮਾਨੇ ਤੋਂ ਬਚਾਉਣ ਦੇ ਲਈ ਛੁੱਟੀਆਂ ਦੇ ਦਿਨਾਂ ਦੌਰਾਨ ਵੀ ਖੁੱਲੇ ਰਹੇ। ਇਹਨਾਂ ਛੁੱਟੀਆਂ ਦੇ ਦੌਰਾਨ ਸ਼ਹਿਰ ਦੀ ਪਬਲਿਕ ਨੇ ਪ੍ਰੋਪਰਟੀ ਟੈਕਸ ਅਦਾ ਕਰਨ ਦੇ ਲਈ ਲੰਬੀਆਂ ਲੰਬੀਆਂ ਲਾਈਨਾਂ ਵਿੱਚ ਖੜ ਕੇ ਆਪਣਾ ਪ੍ਰਾਪਰਟੀ ਟੈਕਸ ਅਦਾ ਕੀਤਾ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਨਗਰ ਕੌਂਸਲ ਖੰਨਾ ਦੇ ਕਾਰਜਕਾਰੀ ਅਫਸਰ ਚਰਨਜੀਤ ਸਿੰਘ ਅਤੇ ਸੁਪਰਡੈਂਟ ਪ੍ਰੋਪਰਟੀ ਟੈਕਸ ਸ਼ਾਖਾ ਨੇ ਦੱਸਿਆ ਕਿ ਸ਼ਹਿਰ ਦੇ ਲੋਕਾਂ ਨੂੰ ਪਹਿਲਾਂ ਅਗਾਉਂ ਸੂਚਨਾ ਦੇ ਕੇ ਪ੍ਰਾਪਰਟੀ ਟੈਕਸ ਭਰਨ ਬਾਰੇ ਦੱਸਿਆ ਗਿਆ ਸੀ ਅਤੇ ਆਖਰੀ ਤਰੀਕ 31 ਮਾਰਚ ਹੋਣ ਬਾਰੇ ਵੀ ਸੂਚਿਤ ਕੀਤਾ ਗਿਆ ਸੀ ਅਤੇ 31 ਮਾਰਚ ਤੋਂ ਬਾਅਦ ਵੱਡੇ ਜ਼ੁਰਮਾਨੇ ਅਦਾ ਕਰਨ ਬਾਰੇ ਵੀ ਸੂਚਿਤ ਕਰ ਦਿੱਤਾ ਗਿਆ ਸੀ। ਇਸੇ ਲੜੀ ਤਹਿਤ ਨਗਰ ਕੌਂਸਲ ਖੰਨਾ ਦੇ ਦਫਤਰ ਛੁੱਟੀਆਂ ਦੇ ਤਿੰਨ ਦਿਨਾਂ ਦੌਰਾਨ ਆਮ ਦਿਨਾਂ ਤੋਂ ਵੀ ਵੱਧ ਸਮੇਂ ਭਾਵ ਰਾਤ ਦੇ ਸੱਤ-ਸੱਤ ਅਤੇ ਅੱਠ-ਅੱਠ ਵਜੇ ਤੱਕ ਵੀ ਖੁੱਲੇ ਰਹੇ। ਇਹ ਸਹੂਲਤ ਦੇਣ ਦੇ ਲਈ ਇਲਾਕੇ ਭਰ ਦੇ ਲੋਕਾਂ ਵਿੱਚ ਖੁਸ਼ੀ ਮਹਿਸੂਸ ਕੀਤੀ ਜਾ ਰਹੀ ਹੈ। ਕਾਰਜਕਾਰੀ ਅਫਸਰ ਚਰਨਜੀਤ ਸਿੰਘ ਅਤੇ ਸੁਪਰਡੈਂਟ ਅਮਰਪਾਲ ਸਿੰਘ ਨੇ ਦੱਸਿਆ ਕਿ ਇਹਨਾਂ ਤਿੰਨਾਂ ਦਿਨਾਂ ਦੇ ਦੌਰਾਨ ਲਗਭਗ 29 ਲੱਖ 63 ਹਜ਼ਾਰ 670 ਰੁਪਏ ਦੀ ਰਿਕਾਰਡ ਰਕਮ ਬਤੌਰ ਪ੍ਰੋਪਰਟੀ ਟੈਕਸ ਵਜੋਂ ਇਕੱਤਰ ਕੀਤੀ ਗਈ। ਇਸ ਮੌਕੇ ਸੁਪਰਡੈਂਟ ਅਮਰਪਾਲ ਸਿੰਘ, ਇੰਸਪੈਕਟਰ ਹਰਜੀਤ ਸਿੰਘ, ਇੰਸਪੈਕਟਰ ਸੁਰੇਸ਼ ਕੁਮਾਰ, ਜੂਨੀਅਰ ਸਹਾਇਕ ਕੇਸਰ ਸਿੰਘ, ਜੂਨੀਅਰ ਸਹਾਇਕ ਚੰਚਲ ਕੁਮਾਰ, ਕੰਪਿਊਟਰ ਅਪਰੇਟਰ ਮਨੀਸ਼ ਕਪੂਰ ਹੈਪੀ, ਮੈਡਮ ਰਿਸ਼ੂ , ਮੈਡਮ ਮਮਤਾ, ਮੈਡਮ ਸੁਨੀਤਾ ਰਾਣੀ ( ਹਿਨਾ ਨਈਅਰ ) ਤੋਂ ਇਲਾਵਾ ਪ੍ਰਾਪਰਟੀ ਟੈਕਸ ਸ਼ਾਖਾ ਦੇ ਸਮੁੱਚੇ ਮੁਲਾਜ਼ਮ ਮੌਜੂਦ ਸਨ। ਇਸ ਮੌਕੇ ਕਾਰਜ ਸਾਧਕ ਅਫਸਰ ਚਰਨਜੀਤ ਸਿੰਘ ਅਤੇ ਸੁਪਰਡੈਂਟ ਅਮਰਪਾਲ ਸਿੰਘ ਵਲੋਂ ਸਰਕਾਰੀ ਛੁੱਟੀਆਂ ਦੇ ਦੌਰਾਨ ਪ੍ਰਾਪਰਟੀ ਟੈਕਸ ਵਸੂਲਣ ਦੇ ਲਈ ਪ੍ਰਾਪਰਟੀ ਟੈਕਸ ਸ਼ਾਖਾ ਦੇ ਸਮੁੱਚੇ ਇੰਸਪੈਕਟਰਾਂ ਅਤੇ ਹੋਰ ਸਮੁੱਚੇ ਮੁਲਾਜ਼ਮਾਂ ਦਾ ਇਮਾਨਦਾਰੀ ਅਤੇ ਤਨ-ਦੇਹੀ ਨਾਲ ਸੇਵਾਵਾਂ ਨਿਭਾਉਣ ਦੀ ਪ੍ਰਸ਼ੰਸਾ ਕੀਤੀ ਹੈ ਅਤੇ ਨਾਲ ਹੀ ਕਿਹਾ ਹੈ ਕਿ ਇਹਨਾਂ ਤਿੰਨਾਂ ਦਿਨਾਂ ਦੇ ਦੌਰਾਨ ਰਿਕਾਰਡ ਵਸੂਲੀ 29 ਲੱਖ, 63 ਹਜ਼ਾਰ, 670 ਰੁਪਏ ਬਤੌਰ ਪ੍ਰਾਪਰਟੀ ਟੈਕਸ ਵਸੂਲ ਕੀਤੇ ਗਏ।

# ਦੂਜਿਆਂ ਬਾਰੇ ਬੁਰਾ ਸੋਚਣਾ: ਨੁਕਸਾਨ ਸਿਰਫ਼ ਦੂਜਿਆਂ ਦਾ ਨਹੀਂ, ਆਪਣਾ ਵੀ

ਚਾਨਣ ਦੀਪ ਸਿੰਘ ਔਲਖ, ਪਿੰਡ ਗੁਰਨੇ ਖ਼ੁਰਦ (ਮਾਨਸਾ), ਸੰਪਰਕ 9876888177, email: chanandeepaulakh@gmail.com

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 31 ਮਾਰਚ
INTERNATIONAL PAPER, 94636 01616
hardipchumber57@gmail.com



ਅਸੀਂ ਅਕਸਰ ਦੂਜਿਆਂ ਦੀਆਂ ਗਲਤੀਆਂ, ਉਨ੍ਹਾਂ ਦੀਆਂ ਕਮੀਆਂ 'ਤੇ ਧਿਆਨ ਕੇਂਦਰਿਤ ਕਰਦੇ ਹਾਂ। ਦੂਜਿਆਂ ਬਾਰੇ ਬੁਰਾ ਸੋਚਣਾ, ਉਨ੍ਹਾਂ ਨੂੰ ਨਿੰਦਣਾ, ਉਨ੍ਹਾਂ ਪ੍ਰਤੀ ਨਫ਼ਰਤ ਪਾਲਣਾ, ਇਹ ਸਭ ਸਾਡੇ ਮਨ ਨੂੰ ਮੈਲਾ ਕਰ ਦਿੰਦਾ ਹੈ। ਅਸਲ ਵਿੱਚ, ਇਹ ਸਿਰਫ਼ ਉਨ੍ਹਾਂ ਲੋਕਾਂ ਲਈ ਨਹੀਂ, ਸਗੋਂ ਸਾਡੇ ਆਪਣੇ ਲਈ ਵੀ ਨੁਕਸਾਨਦੇਹ ਹੈ। ਇਹ ਇੱਕ ਅਜਿਹਾ ਜ਼ਹਿਰ ਹੈ ਜੋ ਹੌਲੀ-ਹੌਲੀ ਸਾਡੀ ਜ਼ਿੰਦਗੀ ਨੂੰ ਅੰਦਰੋਂ ਖੋਖਲਾ ਕਰ ਦਿੰਦਾ ਹੈ।

ਜਦੋਂ ਅਸੀਂ ਕਿਸੇ ਬਾਰੇ ਬੁਰਾ ਸੋਚਦੇ ਹਾਂ, ਤਾਂ ਅਸੀਂ ਆਪਣੇ ਮਨ ਵਿੱਚ ਨਕਾਰਾਤਮਕ ਵਿਚਾਰਾਂ ਦਾ ਜਾਲ ਬੁਣ ਲੈਂਦੇ ਹਾਂ। ਇਹ ਨਕਾਰਾਤਮਕਤਾ ਸਾਡੇ ਰਿਸ਼ਤਿਆਂ ਨੂੰ ਤਬਾਹ ਕਰਦੀ ਹੈ, ਸਾਡੀ ਸਿਹਤ ਨੂੰ ਵਿਗਾੜਦੀ ਹੈ ਅਤੇ ਸਾਡੀ ਖੁਸ਼ੀ ਨੂੰ ਖੋਹ ਲੈਂਦੀ ਹੈ। ਜਿਹੜੇ ਲੋਕ ਹਰ ਸਮੇਂ ਦੂਜਿਆਂ ਬਾਰੇ ਬੁਰਾ ਸੋਚਦੇ ਹਨ, ਉਹ ਅਕਸਰ ਇਕੱਲੇ ਅਤੇ ਨਿਰਾਸ਼ ਰਹਿੰਦੇ ਹਨ। ਉਨ੍ਹਾਂ ਦੇ ਰਿਸ਼ਤਿਆਂ ਵਿੱਚ ਦੂਰੀ ਆ ਜਾਂਦੀ ਹੈ ਅਤੇ ਉਹ ਆਪਣੇ ਆਪ ਨੂੰ ਦੁਨੀਆ ਤੋਂ ਅਲੱਗ-ਥਲੱਗ ਮਹਿਸੂਸ ਕਰਦੇ ਹਨ।

ਇਸ ਤੋਂ ਇਲਾਵਾ, ਨਕਾਰਾਤਮਕ ਵਿਚਾਰ ਸਾਡੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਵੀ ਬੁਰਾ ਪ੍ਰਭਾਵ ਪਾਉਂਦੇ ਹਨ। ਇਹ ਤਣਾਅ, ਚਿੰਤਾ ਅਤੇ ਉਦਾਸੀ ਦਾ ਕਾਰਨ ਬਣ ਸਕਦੇ ਹਨ। ਲਗਾਤਾਰ ਬੁਰਾ ਸੋਚਣ ਨਾਲ ਸਾਡੀ ਇਮਿਊਨ ਸਿਸਟਮ ਕਮਜ਼ੋਰ ਹੋ ਜਾਂਦੀ ਹੈ, ਜਿਸ ਨਾਲ ਅਸੀਂ ਬਿਮਾਰੀਆਂ ਦੀ ਲਪੇਟ ਵਿੱਚ ਆ ਜਾਂਦੇ ਹਾਂ।

ਇਸ ਲਈ, ਸਾਨੂੰ ਦੂਜਿਆਂ ਬਾਰੇ ਬੁਰਾ ਸੋਚਣ ਦੀ ਬਜਾਏ, ਉਨ੍ਹਾਂ ਨੂੰ ਸਮਝਣ ਅਤੇ ਮਾਫ਼ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਹਰ ਕੋਈ ਗਲਤੀਆਂ ਕਰਦਾ ਹੈ ਅਤੇ ਕੋਈ ਵੀ ਸੰਪੂਰਨ ਨਹੀਂ ਹੈ। ਜਦੋਂ ਅਸੀਂ ਦੂਜਿਆਂ ਨੂੰ ਮਾਫ਼ ਕਰਦੇ ਹਾਂ, ਤਾਂ ਅਸੀਂ ਆਪਣੇ ਆਪ ਨੂੰ ਵੀ ਮਾਫ਼ ਕਰਦੇ ਹਾਂ। ਇਹ ਸਾਨੂੰ ਸ਼ਾਂਤੀ ਅਤੇ ਖੁਸ਼ੀ ਪ੍ਰਦਾਨ ਕਰਦਾ ਹੈ।

ਸਾਨੂੰ ਦੂਜਿਆਂ ਬਾਰੇ ਸਕਾਰਾਤਮਕ ਸੋਚਣਾ ਚਾਹੀਦਾ ਹੈ। ਜਦੋਂ ਅਸੀਂ ਦੂਜਿਆਂ ਬਾਰੇ ਚੰਗਾ ਸੋਚਦੇ ਹਾਂ, ਤਾਂ ਅਸੀਂ ਉਨ੍ਹਾਂ ਨਾਲ ਪਿਆਰ ਅਤੇ ਸਤਿਕਾਰ ਨਾਲ ਪੇਸ਼ ਆਉਂਦੇ ਹਾਂ। ਇਹ ਸਾਡੇ ਰਿਸ਼ਤਿਆਂ ਨੂੰ ਮਜ਼ਬੂਤ ਕਰਦਾ ਹੈ ਅਤੇ ਸਾਨੂੰ ਖੁਸ਼ੀ ਪ੍ਰਦਾਨ ਕਰਦਾ ਹੈ। ਸਕਾਰਾਤਮਕ ਵਿਚਾਰ ਸਾਡੀ ਸਿਹਤ ਲਈ ਵੀ ਚੰਗੇ ਹੁੰਦੇ ਹਨ।

ਆਓ, ਅਸੀਂ ਆਪਣੇ ਮਨ ਨੂੰ ਸਾਫ਼ ਕਰੀਏ ਅਤੇ ਦੂਜਿਆਂ ਬਾਰੇ ਬੁਰਾ ਸੋਚਣ ਦੀ ਬਜਾਏ, ਉਨ੍ਹਾਂ ਨੂੰ ਸਮਝਣ ਅਤੇ ਮਾਫ਼ ਕਰਨ ਦੀ ਕੋਸ਼ਿਸ਼ ਕਰੀਏ। ਇਹ ਸਾਡੇ ਆਪਣੇ ਲਈ ਅਤੇ ਸਾਡੇ ਆਲੇ-ਦੁਆਲੇ ਦੇ ਲੋਕਾਂ ਲਈ ਸਭ ਤੋਂ ਵਧੀਆ ਹੈ। ਆਪਣੇ ਮਨ ਨੂੰ ਪਿਆਰ ਅਤੇ ਸਕਾਰਾਤਮਕਤਾ ਨਾਲ ਭਰੋ, ਤਾਂ ਜੋ ਅਸੀਂ ਇੱਕ ਖੁਸ਼ਹਾਲ ਅਤੇ ਸ਼ਾਂਤੀਪੂਰਨ ਜੀਵਨ ਜੀਅ ਸਕੀਏ।

# ਦਿੜ੍ਹਬਾ ਵਿਖੇ ਈਦ-ਉਲ-ਫਿਤਰ ਮਨਾਉਂਦੇ ਹੋਏ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ

## ਮੁਸਲਿਮ ਭਾਈਚਾਰੇ ਨੂੰ ਵਧਾਈ, ਰੁਪਏ ਦੇਣ ਦਾ ਐਲਾਨ ਧਰਮਸ਼ਾਲਾ ਦੀ ਉਸਾਰੀ ਲਈ 25 ਲੱਖ ਰੁਪਏ, ਦਿੜ੍ਹਬਾ ਵਿਖੇ ਬਣੇਗੀ ਈਦਗਾਹ, ਕੈਬਨਿਟ ਮੰਤਰੀ ਨੇ ਨਗਰ ਕੌਂਸਲ ਨੂੰ ਯੋਗ ਥਾਂ ਦੀ ਸ਼ਨਾਖਤ ਕਰਨ ਦੇ ਨਿਰਦੇਸ਼ ਦਿੱਤੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com



ਦਲਜੀਤ ਕੌਰ

ਦਿੜ੍ਹਬਾ/ਸੰਗਰੂਰ, 31 ਮਾਰਚ, 2025: ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਦਿੜ੍ਹਬਾ ਸਥਿਤ ਜਾਮਾ ਮਸਜਿਦ ਵਿਖੇ ਈਦ-ਉਲ-ਫਿਤਰ ਦੇ ਜਸ਼ਨਾਂ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਮੁਸਲਿਮ ਭਾਈਚਾਰੇ ਨੂੰ ਨਿੱਘੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਮੁਸਲਿਮ ਭਾਈਚਾਰਾ ਹੋਰ ਤਰੱਕੀ ਅਤੇ ਖੁਸ਼ਹਾਲੀ ਪ੍ਰਾਪਤ ਕਰੇ। ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਮੁਸਲਿਮ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਦੇ ਸਥਾਈ ਹੱਲ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁਸਲਿਮ ਭਾਈਚਾਰੇ ਦੀ ਮੰਗ ਨੂੰ ਪ੍ਰਵਾਨ ਕਰਦਿਆਂ ਧਰਮਸ਼ਾਲਾ ਦੀ ਉਸਾਰੀ ਲਈ 25 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਅਗਲੇ 15 ਤੋਂ 20 ਦਿਨਾਂ ਵਿੱਚ ਰਾਸ਼ੀ ਜਾਰੀ ਕਰਕੇ ਅਗਲੀ ਈਦ ਤੋਂ ਪਹਿਲਾਂ ਇਸ ਧਰਮਸ਼ਾਲਾ ਦੀ ਉਸਾਰੀ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ।

ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਨਗਰ ਕੌਂਸਲ ਪ੍ਰਧਾਨ ਅਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਈਦਗਾਹ ਦੀ ਉਸਾਰੀ ਲਈ ਯੋਗ ਥਾਂ ਦੀ ਚੋਣ ਕੀਤੀ ਜਾਵੇ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਜਲਦੀ ਹੀ ਈਦਗਾਹ ਲਈ ਜਗ੍ਹਾ ਮਿਲ ਜਾਵੇਗੀ, ਜਿਸ ਤੋਂ ਬਾਅਦ ਈਦਗਾਹ ਦੀ ਉਸਾਰੀ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਵੇਗੀ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਨੂੰ ਵਧੀਆ ਬੁਨਿਆਦੀ ਸਹੂਲਤਾਂ ਅਤੇ ਪ੍ਰਸ਼ਾਸਨਿਕ ਸੇਵਾਵਾਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦਾ ਸਨਮਾਨ ਵੀ ਕੀਤਾ ਗਿਆ।

# ਸਰਕਾਰੀ ਪ੍ਰਾਇਮਰੀ ਸਕੂਲ ਸਾਹਨੀ ਦੀ ਵਿਦਿਆਰਥਣ ਨੇ ਬੋਰਡ ਪ੍ਰੀਖਿਆ 'ਚ ਹਾਸਲ ਕੀਤੇ 90% ਅੰਕ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com



ਫਗਵਾੜਾ 31 ਮਾਰਚ (ਸ਼ਿਵ ਕੌੜਾ) ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਪਿੰਡ ਸਾਹਨੀ ਦੀ ਪੰਜਵੀ ਜਮਾਤ ਦੀ ਹੋਣਹਾਰ ਵਿਦਿਆਰਥਣ ਅਮਰੀਕ ਰਾਣੀ ਪੁੱਤਰੀ ਬਿੰਦਰ ਪਾਲ ਵਾਸੀ ਸਾਹਨੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਸਲਾਨਾ ਨਤੀਜਿਆ ਵਿਚ ਬਿਹਤਰੀਨ ਪ੍ਰਦਰਸ਼ਨ ਕਰਦੇ ਹੋਏ 90% ਅੰਕ ਪ੍ਰਾਪਤ ਕੀਤੇ ਹਨ। ਵਿਦਿਆਰਥਣ ਨੂੰ ਇਸ ਪ੍ਰਾਪਤੀ ਲਈ ਸਕੂਲ ਇੰਚਾਰਜ ਕੁਲਵਿੰਦਰ ਕੌਰ ਅਤੇ ਸਰਪੰਚ ਬਸ਼ਿੰਦਰ ਬਾਂਸਲ ਦੇ ਪਤੀ ਸੁਖਦੇਵ ਸਿੰਘ ਬਾਂਸਲ ਵਲੋਂ ਸਨਮਾਨਤ ਕਰਦਿਆਂ ਭਵਿੱਖ ਵਿਚ ਇਸੇ ਤਰ੍ਹਾਂ ਹੋਰ ਮਿਹਨਤ ਕਰਨ ਲਈ ਪ੍ਰੇਰਿਆ ਗਿਆ। ਵਿਦਿਆਰਥਣ ਅਮਰੀਕ ਰਾਣੀ ਨੇ ਆਪਣੀ ਇਸ ਪ੍ਰਾਪਤੀ ਦਾ ਸਿਹਰਾ ਸਕੂਲ ਸਟਾਫ ਅਤੇ ਮਾਪਿਆਂ ਦੇ ਮਾਰਗ ਦਰਸ਼ਨ ਸਿਰ ਸਜਾਇਆ ਅਤੇ ਕਿਹਾ ਕਿ ਉਹ ਉੱਚ ਸਿੱਖਿਆ ਪ੍ਰਾਪਤ ਕਰਕੇ ਮਾਪਿਆਂ ਅਤੇ ਸਕੂਲ ਦਾ ਨਾਮ ਰੌਸ਼ਨ ਕਰੇਗੀ। ਵਿਦਿਆਰਥਣ ਦੇ ਮਾਪਿਆਂ ਨੇ ਵੀ ਸਕੂਲ ਸਟਾਫ ਦੀ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਹਨਾਂ ਨੂੰ ਆਪਣੀ ਪੁੱਤਰੀ 'ਤੇ ਮਾਣ ਹੈ। ਸਰਪੰਚ ਪਤੀ ਸੁਖਦੇਵ ਸਿੰਘ ਬਾਂਸਲ ਨੇ ਪਿੰਡ ਵਾਸੀਆਂ ਨੂੰ ਪੁਰਜੋਰ ਅਪੀਲ ਕੀਤੀ ਕਿ ਇਸ ਬੱਚੀ ਦੀ ਪ੍ਰਾਪਤੀ ਨੂੰ ਦੇਖਦੇ ਹੋਏ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾਉਣ ਤਾਂ ਜੋ ਉਹਨਾਂ ਉੱਪਰ ਪੈਣ ਵਾਲਾ ਬੱਚਿਆਂ ਦੀ ਪੜ੍ਹਾਈ ਦਾ ਵਾਧੂ ਆਰਥਕ ਬੋਝ ਖਤਮ ਹੋ ਸਕੇ। ਕਿਉਕਿ ਸਰਕਾਰੀ ਸਕੂਲਾਂ ਵਿਚ ਜਿੱਥੇ ਸਸਤੀ ਸਿੱਖਿਆ ਮਿਲਦੀ ਹੈ, ਉੱਥੇ ਹੀ ਸਰਕਾਰ ਵਲੋਂ ਬਹੁਤ ਸਾਰੀਆਂ ਸਹੂਲਤਾਂ ਵੀ ਦਿੱਤੀਆਂ ਜਾਂਦੀਆਂ ਹਨ। ਇਸ ਮੌਕੇ ਸਮੂਹ ਸਕੂਲ ਸਟਾਫ ਅਤੇ ਪਿੰਡ ਦੇ ਪਤਵੰਤੇ ਹਾਜਰ ਸਨ।

# ਹੁਸ਼ਿਆਰਪੁਰ ਰੋਡ 'ਤੇ ਵਾਪਰੇ ਸੜਕ ਹਾਦਸੇ 'ਚ ਦੋ ਨੌਜਵਾਨ ਜ਼ਖਮੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 31 ਮਾਰਚ INTERNATIONAL PAPER, 94636 01616 hardipchumber57@gmail.com







